੧ ਓ ਸ੍ਰੀ ਵਾਹਿ ਗੁਰੂ ਜੀ ਕੀ ਫ਼ਤੇ

ਖਾਲਸਾ ਅਖ਼ਬਾਰ ਲਾਹੌਰ

ਸੈ: ੪੨੬ ਨਾ: Weekly ਸਪਤਾਹਕ ਪਤ੍ਰ Paper ਸਾਕਾ ੨੧੯

THE KHALSA AKHBAR, LAHORE.

ਨੰ: ੪੧ No. 41 | ਮਘ ਦੀ ੨੮ ਸੰ: ੧੯੫੧ ਬਿ: ਫਰਵਰੀ ਦੀ ੮ ਸੰ: ੯੫ ਨੂੰ ਛਪਿਆ Lahore, Friday the 8th February 1895. | ਜਿ: ੨ Vo. 2

ਲਾਹੌਰ ਦੀਆਂ ਖਬਰਾਂ

ਖਾਲਸਾ ਅਖਬਾਰ ਦੇ ਪਾਠਕ ਇਸ ਦਾ ਮੋਲ ਭੇਜਕੇ ਇਸ ਦੀ ਸਹਾਇਤਾ ਕਰਨ।

ਮੇਲਾ ਬਸੰਤ ਦਾ ਹਕੀਕਤ ਰਾਇ ਦੀ ਸਮਾਧ ਪਰ ਲਗਾ ਭਾਈ ਗੁਪਾਲਸਿੰਘ ਸਾਹਿਬ ਸੁਵਰਗ ਵਾਸੀ ਦੀ ਛਬੀਲ ਪਿਆਸਿਆਂ ਦੀ ਪਿਆਸ ਬੁਝਾ ਰਹੀ ਸੀ॥

ਭਾਈ ਗੁਰਮੁਖਸਿੰਘ ਸਾਹਿਬ ਵੀਰ ਸਕਤ੍ਰੇ ਖਾਲਸਾ ਦੀਵਾਨ ਨੈ ਬਸੰਤ ਵਾਲੇ ਦਿਨ ਬੁੰਗਾ ਜਨਮਸਥਾਨ ਗੁਰੂ ਰਾਮ ਦਾਸ ਦੀ ਸਾਲਗਿਰਹ ਪਰ ਕੜਾਹ ਪ੍ਰਸਾਦ ਕੀਤਾ॥

ਇਸ ਬੁੰਗੇ ਦੀ ਨਉ ਬਸੰਤ ਦੇ ਦਿਨ ਹੀ ਭਾਈ ਸਾਹਿਬ ਨੈ ਰਖੀ ਸੀ ਅਤੇ ਓਸੇ ਦਿਨ ਆਕੇ ਸਭ ਤਯਾਰ ਹੋਇਆ॥

ਸਹੀਦ ਗੰਜ ਭਾਈ ਤਾਰੂਸਿੰਘ ਤੇ ਭਾਈ ਮਨੀਸਿੰਘ ਦੇ ਪੁਜਾਰੀ ਭਾਈ ਆਸਾਸਿੰਘ ਸੁਵਰਗ ਵਾਸੀ ਦੇ ਦੇਹ ਤਯਾਗ ਪਰ ਬਸੰਤ ਵਾਲੇ ਦਿਨ ਭੋਗ ਪਿਆ-ਜਿਸ ਵਿਚ ਧਰਮ ਸਾਲੀਆਂ ਗੁਰਦੁਆਰੀਆਂ ਅਤੇ ਬਿਹੰਗਮਾਂ ਨੂੰ ਕੁਜੇ ਅਤੇ ਮਾਇਆ ਅਰ ਗ੍ਰੰਥੀ ਸਿੰਘ ਨੂੰ ਪੁਸਤਕਾਂ ਤੇ ਰੁਪਏ ਅਰਦਾਸ ਕਰਾਏ।

ਭਾਈ ਮਈਆਸਿੰਘ ਸਾਹਿਬ ਦੀ ਸੁਪਤਨੀ ਦੇ ਸੁਵਰਗਬਾਸ ਪਰ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਿਆ ਜਿਸ ਵਿਚ ਪਾਠੀ ਸਿੰਘ ਨੂੰ ਪੁਸਤਕਾਂ ਅਤੇ ਰੁਪਏ ਅਰ ਹੋਰ ਧਰਮ ਸਾਲੀਆਂ ਗੁਰਦੁਆਰੀਆਂ ਤੇ ਬਿਹੰਗਮਾਂ ਨੂੰ ਮਾਇਆ ਅਰਦਾਸ ਕਰਾਈ॥

ਸੁਕਰਵਾਰ ਵੀਰਵਾਰ ਤਾਂ ਕੁਛ ਥੋੜੀ ੨ ਬਰਖਾ ਹੋਈ ਪਰੰਤੂ ਐਤਵਾਰ ਦਿਨ ਦੇ ਬਾਰਾਂ ਬਜੇ ਬਰਖਾ ਨੈ ਅਜੇਹੀ ਦਬ ਦਿਤੀ ਜੋ ਜਲ ਥਲ ਕਰ ਦਿਤਾ ਅਰ ਗੜਾ ਇਤਨਾ ਬਰਸਿਆ ਜੋ ਸਾਰੀ ਧਰਤੀ ਚਿਟੀ ਕਰ ਦਿਤੀ॥

ਡਰਪੋਕਸਿੰਘ ਛਪਕੇ ਤਿਆਰ ਹੋਗਿਆ ਅਤੇ ਮੋਲ ਉਸ ਦਾ -)। ਪੰਜ ਪੈਸੇ ਹੈ-ਅਤੇ ਇਸ ਦੀ ਆਮਦਨ ਨਾਲ ਇਕ ਹੋਰ ਪੁਸਤਕ ਛਪ ਜਾਏਗੀ॥

ਸ੍ਰੀ ਹਜੂਰ ਮੁਲਕੀ ਲਾਟ ਨੈ ਹੁਕਮ ਦਿਤਾ ਹੈ ਕਿ ਜਲਸੇ ਦੇ ਸਮਯ ਪਰ ਜੋ ਪਿੰਸਨਰ ਸਪਾਹੀ ਇਕਠੇ ਹੋਏ ਸਨ ਅਰ ਉਨਾ ਦਾ ਫੋਟੋ ਉਤਾਰਿਆ ਗਿਆ ਸੀ ਸੋ ਉਨਾ ਨੂੰ ਇਕ ੨ ਤਸਵੀਰ ਯਾਦਗਾਰ ਲਈ ਭੇਜੀ ਜਾਏ॥

ਜੋ ਹੋਂਦਾਂ ਦੁਆਰੀਏ ਮਿਸਟਰ ਟਾਮਸਨ ਸਾਹਿਬ ਨੈ ਕੁਛ ਦਿਨ ਹੋਏ ਪਕੜੇ ਸਨ ਉਨਾ ਵਿਚੋਂ ਪੰਜ ਬਰੀ ਹੋਏ ਅਤੇ ਨੌਂ ਨੂੰ ਜੁਰਮਾਨਾ ਹੋਇਆ॥

ਸੁਨਦੇ ਹਾਂ ਕਿ ਇਕ ਬਜਾਜੀ ਇਸਤ੍ਰੀ ਗੁਮ ਹੋਗਈ ਹੈ ਜਿਸ ਦਾ ਅਜੇ ਤਕ ਕੋਈ ਪਤਾ ਨਹੀਂ ਲਗਾ ਜੋ ਕਿਧਰ ਗਈ ਤੇ ਕਯਾ ਹੋਈ॥

ਜਿਲਾ ਲਾਹੌਰਦੇ ਚੂੰਗ ਨਾਮੇ ਨਗਰਦੇ ਥਾਨੇ ਦਾ ਇਕ ਉਮਰ ਦੀਨ ਨਾਮੇ ਸਾਰਜੰਟ ਇਸ ਵਾਸਤੇ ਮੁਅਤਲ ਕੀਤਾ ਗਿਆ ਹੈ ਕਿ ਉਸਨੈ ਇਕ ਗਰਭ ਵਤੀ ਇਸਤ੍ਰੀ ਦੇ ਪੇਡੂ ਵਿਚ ਲਤ ਮਾਰੀ ਸੀ ਜਿਸ ਪਰ ਉਸ ਦਾ ਗਰਭ ਪਾਤ ਹੋਗਿਆ ਸੀ ਜੋ ਦੋ ਖੂਨ ਦੇ ਬਰਾਬਰ ਕੰਮ ਹੈ॥

ਸ੍ਰੀ ਹਜੂਰ ਲਾਟ ਸਾਹਿਬ ਪੰਜਾਬ ਨੈ ਬਟਾਲੇ ਦਾ ਮਿਸ਼ਨ ਸਕੂਲ ਦੇਖਣਾ ਅਤੇ ਨਾਲੇ ਹਸਤ੍ਰਪਤਾਲ ਦੇਖਣਾ ਜਿਸ ਪਰ ਅਤਯੰਤ ਪ੍ਰਸੰਨ ਹੋਏ ਫੇਰ ਗੁਰਦਾਸਪੁਰ ਜਾਂਦਿਆਂ ਹੋਇਆਂ ਧਾਰੀ ਵਾਲ ਦਾ ਕਾਰਖਾਨਾ ਦੇਖਣ ਜਿਸ ਨੂੰ ਦੇਖਕੇ ਅਤਯੰਤ ਪ੍ਰਸੰਨ ਹੋਏ॥

ਤਿੰਨ ਫਰਵਰੀ ਦੀ ਰਾਤ ਨੂੰ ਭਾਟੀ ਦਰਵਜੇ ਚੋਰ ਪਏ ਪਹਲੇ ਉਨਾਂ ਨੇ ਇਕ ਆਦਮੀ ਦੇ ਘਰ ਨੂੰ ਪੌੜੀ ਲਾਈ ਉਥੇ ਇੱਕ ਆਦਮੀ ਜਾਗਦਾ ਸੀ ਉਥੋਂ ਨਸੇ ਤੇ ਹਕੀਮਾਂ ਵਾਲੇ ਬਜ਼ਾਰ ਵਿੱਚ ਇਕ ਹੱਟੀ ਭੰਨੀ ਉਸ

Digitized by Panjab Digital Library | www.panjabdigilib.org

ਵਿੱਚੋਂ ਕੁੱਪੇ ਘਿਓ ਦੇ ਕਢਕੇ ਟਿੱਬੀ ਵਾਲੀ ਪੁਲਸ ਦੀ ਚੌਕੀ ਦੇ ਪਾਸ ਵੰਡੇ ਪੁਲਸ ਦਾ ਕਿਹਾ ਸੋਹਣਾ ਪਹਰਾ ਹੈ ॥

ਗੁਡੀਆਂ ਉਡਾਉਨ ਦੇ ਵੇਲੇ ਮੁੰਡੇ ਨਹੀਂ ਵੇਖਦੇ ਕਿ ਉਨਾਂ ਦਾ ਪੈਰ ਕਿਥੇ ਪੈਂਦਾ ਹੈ ਉਨਾ ਦਾ ਧਯਾਨ ਗੁਡੀਆਂ ਵਲ ਹੀ ਹੁੰਦਾ ਹੈ ਦੋ ਮੁੰਡੇ ਗੁਡੀਆਂ ਵੱਲ ਧਯਾਨ ਕਰਕੇ ਕੋਠੇ ਤੋਂ ਡਿਗ ਪਏ ਇੱਕ ਬਚ ਰਿਹਾ ਤੇ ਇੱਕ ਮਰ ਗਿਆ ॥

ਵੀਰਵਾਰ ਰਾਤ ਦੇ ਵੇਲੇ ਮੋਤੀ ਬਜ਼ਾਰ ਵਿੱਚ ਜੁਆਰੀਆਂ ਦੀ ਬੈਠਕ ਤੇ ਧਾਂਦਣ ਪਈ ੧੯ ਜਵਾਰੀਏ ਫੜੇ ਗਏ ਹਨ ਬਾਕੀ ਦੇ ਨਸ ਗਏ ॥

ਪਿਪਲ ਵੇੜੇ ਵਿੱਚ ਇਕ ਤ੍ਰੀਮਤ ਗਹਨੇ ਹਥ ਵਿਚ ਲਈ ਵੇਖਦੀ ਸੀ ਇਕ ਚੀਲ ਨੇ ਝਪੱਟਾ ਮਾਰਿਆ ਤੇ ਲੈ ਗਈ ਪੁਲਸ ਗਲੀ-ਆਂ ਵਿਚ ਢੂੰਡਦੀ ਫਿਰਦੀ ਹੈ ਕਿ ਕਿਧਰੇ ਚੀਲ ਸੁਟ ਨਾ ਗਈ ਹੋਵੇ ਲੋਕ ਆਖਿਆ ਕਰਦੇ ਹਨ ਕਿ ਚੀਲ ਦੇ ਬਚੇ ਦੀਆਂ ਅਖਾਂ ਤਦ ਖੁਲਦੀਆਂ ਹਨ ਜਦ ਓਹ ਅਪਨੇ ਬਚੇਆਂ ਦੀਆਂ ਅਖਾਂ ਨੂੰ ਸਿਓਨਾ ਲਾਉਂਦੀ ਹੈ।

ਦੇਸ਼ਾਂਤਰੀ ਖਬਰਾਂ

ਮਹਦਪੁਰ ਸ਼ਾਦੌਰ ਦੀ ਛਾਉਨੀ ਮਾਕੂਫ ਹੋ ਜਾਵੇਗੀ ਅਤੇ ਸੁਨਿਆਂ ਗਿਆ ਹੈ ਕਿ ਸਿਪਰ ਦੀ ਛਾਉਨੀ ਭੀ ਤੋੜ ਦੇਨੇ ਦੀ ਸਲਾਹ ਹੋ ਰਹੀ ਹੈ ॥

ਰੁਤਲਾਮ ਉਜੈਨ ਰੇਲਵੇ ਬਹੁਤ ਛੇਤੀ ਬਨਾਈ ਜਾਏਗੀ ਜਿਸ ਪਰ ਖਰਚ ਦਾ ਤ-ਖਮੀਨਾ ਸਾਡੇ ਛਤਾਲੀ ਲਖ ਦਾ ਕੀਤਾ ਗਿਆ ਹੈ ॥

ਮਮਾਲਕ ਮਗਰਬੀ ਸ਼ਮਾਲੀ ਵਿਚ ਪੁ-ਲਸ ਦੀ ਆਲਾ ਅਫਸਰੀ ਦਾ ਇਮਤਹਾਨ ਜੂਨ ਦੇ ਮਹੀਨੇ ਵਿੱਚ ਹੋਵੇਗਾ ॥

ਬੰਗਾਲ ਦੇ ਲਾਟ ਸਾਹਿਬ ਕਲਕੱਤੇ ਤੇ ਮਦਨਾਪੁਰ ਦੇ ਦੌਰੇ ਪਰ ਗਏ ॥

ਬਰਮਾ ਬਟਾਲੀਅਨ ਤੀਸਰੀ ਦੇ ਚਾਲੀ ਸਪਾਹੀ ਹੁਕਮ ਅਦੂਲੀ ਦੇ ਜੁਰਮ ਕਰਕੇ ਨਜ਼ਰ ਬੰਦ ਕੀਤੇ ਗਏ ਹਨ ਦੇਖੀਏ ਕਯਾ ਸਜਾ ਹੋਵੇ ॥

ਕੋਲਹਾਪੁਰ ਅਤੇ ਭਾਵੁਨਗਰ ਦੇ ਮਹਾ-ਰਾਜਾ ਨਏ ਗਵਰਨਰ ਦੀ ਮੁਲਾਕਾਤ ਵਾਸਤੇ ਬੰਬਈ ਨੂੰ ਗਏ ਹਨ ॥

ਸਯਾਮ ਦੇ ਬਾਦਸ਼ਾਹ ਨੇ ਇਕ ਕੌਂਸਲ ਕਾਨੂੰਨੀ ਅਪਨੀ ਰਾਜਧਾਨੀ ਲਈ ਕੀਤੀ ਹੈ ਜੋ ਰਾਜ ਪ੍ਰਬੰਧ ਨੂੰ ਹਾਈ ਕੋਰਟ ਦੀ ਤਰਾਂ ਚਲਾਏਗੀ ॥

ਚੀਨ ਤੇ ਖਬਰ ਆਈ ਹੈ ਕਿ ਜਾਪਾਨੀ ਫੌਜ ਨੇ ਬਹੁਤ ਲੜਾਈ ਦੇ ਪਿਛੋਂ ਦੇਹੂਲੀ ਨਾਮੇ ਜਗਾਂ ਪਰ ਅਪਨਾ ਕਬਜਾ ਕਰ ਲੀਤਾ ਹੈ ਜਿਸ ਸਮਯ ਜਾਪਾਨੀ ਫੌਜ ਨੇ ਤਕੜੇ ਹੋਕੇ ਸਾਮ੍ਹਨਾ ਕੀਤਾ ਚੀਨੀ ਫੌਜ ਓਸੇ ਵੇਲੇ ਉਨਾਂ ਦਾ ਮੁਕਾਬਲਾ ਨਾ ਕਰ ਸਕਨ ਦੇ ਕਾ-ਰਣ ਨਸ ਗਈ ਅਤੇ ਦੋ ਹਜਾਰ ਚੀਨੀ ਆਦਮੀ ਜੰਗ ਵਿਚ ਮਾਰਿਆ ਗਿਆ ॥

ਜਿਲਾ ਗੁਜਰਾਂਵਾਲਾ ਦੇ ਔਲਖ ਨਾਮੇ ਨਗਰ ਵਿੱਚ ਇਕ ਰੰਡੀ ਬੁਢੀ ਮਾਈ ਦੇ ਘਰ ਚੋਰ ਪਏ ਜਿਨ੍ਹਾਂ ਨੇ ਉਸ ਦਾ ਓਹ ਰੁ-ਪੈਯਾ ਜੋ ਉਸ ਨੇ ਅਪਨੇ ਛੋਟੇ ਬੇਟੇ ਦੇ ਬਿਵਾਹ ਵਾਸਤੇ ਰਖਿਆ ਸੀ ਉਸ ਮਾਈ ਨੂੰ ਮਾਰ ਕੇ ਲੈ ਗਏ ਪੁਲਸ ਨੇ ਤਹਕੀਕਾਤ ਕੀਤੀ ਜਿਸਤੇ ਚਾਰ ਆਦਮੀ ਪਕੜੇ ਗਏ ਅਤੇ ਮਾਲ ਭੀ ਸਾਰਾ ਮਿਲ ਗਿਆ ਹੈ ॥

ਗੁਜਰਾਂਵਾਲੇ ਦੇ ਜਿਲੇ ਵਿਚ ਇਕ ਜਿਮੀਂਦਾਰ ਨੇ ਅਪਨੇ ਤਿੰਨ ਭਤੀਜਿਆਂ ਨੂੰ ਤੜੇ ੨ ਗੁੜ ਵਿਚ ਜ਼ਹਰ ਪਾਕੇ ਖੁਲਾ ਦਿਤਾ ਜਿਸ ਦੇ ਅਸਰ ਨਾਲ ਦੋ ਤਾ ਓਸੇ ਵੇਲੇ ਮਰ ਗਏ ਅਰ ਇਕ ਨੂੰ ਉਲਟੀ ਆਇ ਗਈ ਪਰ ਕੁਝ ਸਮਾ ਪਾਕੇ ਤੀਜਾ ਭੀ ਮਰ ਗਿਆ ਅਰ ਇਕ ਕੁਤੇ ਨੇ ਭੀ ਓਹ ਗੁੜ ਖਾਧਾ ਸੀ ਜਿਸ ਤੇ ਓਹ ਭੀ ਮਰ ਗਿਆ ॥

ਗੁਜਰਾਤ ਦੇ ਜਿਲੇ ਵਿੱਚ ਇਕ ਵਿਦਯਾ-ਰਥੀ ਜੋ ਇਕ ਨਗਰ ਤੇ ਰੋਜ ਪੜਕੇ ਸੰਧਯਾ ਨੂੰ ਘਰ ਚਲਿਆ ਜਾਂਦਾ ਸੀ ਸੋ ਇਕ ਦਿਨ ਜਾਇ ਰਿਹਾ ਸੀ ਤਦ ਰਾਤੇ ਵਿੱਚ ਝਾਗ ਆਈ ਜੋ ਉਹ ਰਸਤੇ ਵਿਚ ਹੀ ਸੁੰਨ ਹੋ ਕੇ ਮਰ ਗਿਆ ॥

ਖਾਲਸਾ ਹਾਈ ਸਕੂਲ ਗੁਜਰਾਂਵਾਲੇ ਵਿਚ ਟਟਾਰੀ ਦੀ ਪਹਲੀ ਯੋ ਨੌਮੀ ਜਮਾਤ ਖੁਲ ਗਈ ਹੈ ॥

ਅਮੀਰ ਕਾਬਲ ਨੇ ਬਹੁਤ ਸਾਰਾ ਪਸ਼-ਮੀਨਾ ਕਸ਼ਮੀਰ ਤੇ ਇਸ ਵਾਸਤੇ ਮੰਗਵਾ-ਇਆ ਹੈ ਜੋ ਉਹ ਵਲਾਇਤ ਵਿਚ ਜਾਕੇ ਖਿਲਤ ਦੇਨਗੇ ॥

ਬ੍ਰਹਮਾਂ ਵਿਚ ਰੇਲ ਗਡੀ ਪਰ ਡਾਕਾ ਮਾਰਨ ਦੇ ਜੁਲਮ ਪਰ ਪੰਜ ਆਦਮੀ ਪਕੜੇ ਗਏ ਹਨ ਦੇਖੀਏ ਉਨਾ ਨੂੰ ਕਯਾ ਸਜਾਇ ਮਿਲਦੀ ਹੈ ॥

ਪਿਛਲੇ ਸਾਲ ਅੰਮ੍ਰਿਤਸਰ ਜੀ ਵਿਚ ਪੁਲਸ ਨੇ ਸਰਾਈ ਜੂਆ ਖੇਡਨ ਵਾਲੀ ਜਗਾ ਪਰ ਹਮਲਾ ਕਰਕੇ ਤਿੰਨ ਸੌ ਬਵੰਜਾ ਜੁਆਰੀਏ ਪਕੜੇ ਸੇ ॥

ਬੁਧ ਮਜਹਬ ਦਾ ਗੁਰੂ ਬ੍ਰਹਮਾ ਦੇ ਮਾਂਡਲੇ ਨਾਮੇ ਸ਼ਹਰ ਵਿੱਚ ਇਸ ਸੰਸਾਰ ਤੇ ਕੂਚ ਕਰ ਗਿਆ ਇਸ ਦੇ ਜੋੜਾਂ ਵਿੱਚ ਬਹੁਤ ਦਿਨ ਤੇ ਪੀੜਾਂ ਹੁੰਦੀਆਂ ਸਨ ਜਿਨਾਂ ਤੇ ਕਦੇ ਭੀ ਰਾਜੀ ਨਹੀਂ ਹੁੰਦਾ ਸੀ ॥

ਇਹ ਮਹਾਤਮਾ ਅੰਗ੍ਰੇਜ਼ੀ ਪੜਾਈ ਨੂੰ ਅੱਛਾ ਨਹੀਂ ਜਾਨਦਾ ਸੀ ਜਦ ਅੰਗ੍ਰੇਜ਼ੀ ਰਾਜ ਬ੍ਰਹਮਾਂ ਵਿੱਚ ਹੋਇਆ ਅਤੇ ਮੁਦਰਸੇ ਖੁਲਨੇ ਲਗੇ ਸੇ ਤਦ ਇਸ ਨੇ ਉਸ ਵਿੱਚ ਬਹੁਤ ਰੁਕਾਵਟਾਂ ਪੈਦਾ ਕੀਤੀਆਂ ਸਨ ॥

ਪਸ਼ਾਵਰ ਵਿਚ ਇਕ ਕਾਲਜ ਬਨਾਉਨ ਲਈ ਬਹੁਤ ਕੋਸ਼ਸ਼ ਹੋ ਰਹੀ ਹੈ ॥

Digitized by Panjab Digital Library | www.panjabdigilib.org

ਖਾਲਸਾ ਅਖਬਾਰ

ਮਾਘ ਦੀ ੨੯ ਸੰ: ੪੨੬ ਨਾ:

ਸਾਡੇ ਦੇਸੀ ਧਰਮਾਤਮਾਵਾਂ ਦੀ ਸੁੱਧੀ

ਇਸ ਦੇਸ ਦੇ ਪੁਰਾਣੇ ਮਹਾਤਮਾ ਜਿਨਾ ਦੇ ਰਚੇ ਹੋਏ ਪੁਸਤਕ ਅਜ ਤਕ ਪੂਜਨੀਯ ਸਮਝੇ ਜਾਂਦੇ ਹਨ ਅਤੇ ਜਿਨਾ ਦੀ ਸੰਪ੍ਰਦਾਇ ਅਜ ਕਲ ਦੇ ਹਿੰਦੂ ਮਾਤ੍ਰ ਕਹਾ ਰਹੇ ਹਨ ਉਨਾ ਨੇ ਧਰਮ ਦਾ ਅਧਕਾਰੀ ਆਤਮਾ ਨੂੰ ਕਥਨ ਕੀਤਾ ਸੀ ਅਰ ਆਤਮਾ ਦਾ ਲਖਨ ਉਨਾ ਨੇ ਸਤ, ਚਿਤ ਅਤੇ ਆਨੰਦ ਵਰਣਨ ਕੀਤਾ ਸੀ ਇਸ ਤੋਂ ਬਿਨਾ ਸੁਧ ਨਿਤ ਮੁਕਤ ਅਤਯੰਤ ਸੂਖਮ, ਅਜਰ, ਅਤੇ ਅਮਰ, ਭੀ ਦਸਿਆ ਸੀ ਜਿਸ ਪਰ ਗੀਤਾ ਦੀ ਸਿੰਮ੍ਰਤੀ ਭੀ ਦਸਦੀ ਹੈ ਕਿ ਆਤਮਾ ਕਿਸੇ ਸਸਤ੍ਰ ਨਾਲ ਕਟਿਆ ਨਹੀਂ ਜਾਂਦਾ ਅਰ ਅਗਨੀ ਨਾਲ ਦਾਹ ਨਹੀਂ ਹੁੰਦਾ ਇਸੀ ਪਰਕਾਰ ਪਾਣੀ ਨਾਲ ਭਿਗਦਾ ਨਹੀਂ ਅਤੇ ਪੌਣ ਉਸ ਨੂੰ ਸੁਕਾ ਨਹੀਂ ਸਕਦੀ।

ਇਸ ਸਿੰਮ੍ਰਤੀ ਦੇ ਪੜਨੇ ਤੋਂ ਇਹ ਬਾਤ ਸਿਧ ਹੁੰਦੀ ਹੈ ਕਿ ਧਰਮ ਭੀ ਜੋ ਇਕ ਅਤਿ ਪਵਿਤ੍ਰ ਵਸਤੂ ਹੈ ਸੋ ਉਸੀ ਪਵਿਤ੍ਰ ਆਤਮਾ ਨਾਲ ਸਬੰਧ ਰਖਦਾ ਹੈ ਇਸ ਤੋਂ ਬਿਨਾ ਜੋ ਪੰਚ ਭੂਤਕ ਹਡ ਮਾਸ ਦਾ ਪਿੰਜਰਾ ਇਹ ਸਰੀਰ ਹੈ ਜੋ ਮਹਾਂ ਅਪਵਿਤ੍ਰ, ਮਲੀਨ ਪਰਣਾਮੀ ਸਥੂਲ ਅਤੇ ਨਾਸ ਵਾਨ ਪਦਾਰਥ ਹੈ ਜਿਸ ਵਾਸਤੇ ਇਸ ਨੂੰ ਖਟ ਵਿਕਾਰੀ ਕਰ ਕੇ ਸਦਦੇ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਅਤੀ ਮਲੀਨ ਹੈ ਅਰ ਇਹ ਕਿਸੇ ਪਰਕਾਰ ਕਰਕੇ ਭੀ ਸੁਧ ਨਹੀਂ ਹੁੰਦਾ ਅਰ ਨਾ ਇਹ ਉਹ ਵਸਤੂ ਹੈ ਜੋ ਸੁਧ ਸਮਝੀ ਜਾਏ ਕਿਉਂਕਿ ਜੇ ਇਹ ਆਖਿਆ ਜਾਏ ਕਿ ਗੰਗਾ ਇਸ਼ਨਾਨ ਕਰਨੇ ਤੇ ਇਹ ਸੁੱਧ ਹੁੰਦਾ ਹੈ ਤਾ ਜੋ ਪੁਰਖ ਗੰਗਾ ਪਰ ਜਾਕੇ ਇਸ਼ਨਾਨ ਕਰ ਆਵੇ ਤਾ ਫੇਰ ਉਸ ਨੂੰ ਥੁੱਕ, ਸੀਂਢ, ਬਿਸ਼ਟਾ, ਆਦਿਕ ਜੋ ਅਤਯੰਤ ਭ੍ਰਿਸ਼ਟ ਅਤੇ ਘਿਨਾ ਕਰਨੇ ਵਾਲੀਆ ਵਸਤੂਆ ਹਨ ਕਦੇ ਨਾ ਆਉਨ ਯਾ ਗੰਗਾ ਇਸ਼ਨਾਨ ਕਰਨ ਵਾਲੇ ਦੀਆ ਇਨਾ ਵਸਤਾ ਨੂੰ ਕੋਈ ਬੁਰੀ ਆ ਨਾ ਸਮਝੇ ਪਰੰਤੂ ਇਹ ਨਹੀਂ ਦੇਖੀਦਾ॥

ਇਸ ਤੋਂ ਭੀ ਦੇਖ ਸਕੀਦਾ ਹੈ ਕਿ ਧਰਮ ਦੀ ਪਵਿਤ੍ਰਤਾ ,ਕੇਵਲ ਆਤਮਾ ਨਾਲ ਹੀ ਸਬੰਧ ਰਖਦੀ ਹੈ ਪ। ਵਡੇ ਸੋਕ ਦੀ ਬਾਤ ਹੈ ਜੋ ਸਾਡੇ ਭਾਈਆ ਨੇ ਇਸ ਧਰਮ ਨੂੰ ਆਤਮਾ ਵਿਚੋਂ ਕਢਕੇ ਮੂੰਗੀ ਦੀ ਦਾਲ ਵਿਚ ਲੈ ਆਦਾ ਹੈ ਅਰ ਕੁਝ ਹਿੱਸਾ ਇਸ ਦਾ ਜੁਆਰ ਦੀ ਰੋਟੀ ਅਰ ਘੜੇ ਦੇ ਵਿਚੋਂ ਡੋਢ ਪਾ ਪਾਣੀ ਵਿੱਚ ਰਖ ਦਿੱਤਾ ਹੈ ਅਰ ਉਸ ਧਰਮ ਦਾ ਸੰਦੂਕ ਚੌਕੇ ਨੂੰ ਅਰਥਾਤ ਰੋਟੀ ਪਕਾਉਨ ਵਾਲੀ ਜਗਾ ਨੂੰ ਥਨਾ ਛਡਿਆ ਹੈ ਜਿਸ ਪੁਰਖ ਨੇ ਚੌਕੇ ਵਿੱਚ ਬੈਠਕੇ ਮੂੰਗੀ ਦੀ ਦਾਲ ਨਾਲ ਦੋ ਪਰਸਾਦੇ ਛਕਕੇ ਇਕ ਗਲਾਸ ਪਾਣੀ ਦਾ ਪੀਕੇ ਢਿਡ ਪਰ ਹਥ ਫੇਰਿਆ ਓਹੋ ਧਰਮਾਤਮਾ ਅਰ ਧਰਮ ਦੇ ਧਾਰਨ ਵਾਲਾ ਬਣ ਗਿਆ। ਪਰੰਤੂ ਜਿਸਨੇ ਇਸ ਵਿਚ ਕੁਝ ਫਰਕ ਕੀਤਾ ਤਦ ਓਹੋ ਅਧਰਮੀ ਹੋ ਗਿਆ॥

ਦੂਸਰਾ ਸਾਡੇ ਭਾਈਆਂ ਨੇ ਇਸ ਸਾਢੇ ਤਿਨ ਹਥ ਦੀ ਦੇਹੀ ਨੂੰ ਨਿਤ ਜਲ ਨਾਲ ਧੋਣਾ ਹੀ ਧਰਮ ਦਾ ਮੁੱਢ ਸਮਝ ਛਡਿਆ ਹੈ ਜਿਸ ਪਰ ਜਿਸ ਕਿਸੇ ਨੇ ਤਾਂ ਸਵੇਰੇ ਉਠਕੇ ਠੰਢੇ ਪਾਣੀ ਨਾਲ ਅਪਨੇ ਪਿੰਡੇ ਨੂੰ ਧੋ ਲੀਤਾ ਸੋ ਤਾ ਧਰਮਾਤਮਾ ਹੋਣੇ ਵਿਚ ਅਪਨਾ ਅਵਲ ਨੰਬ੍ਰ ਲੈ ਗਿਆ। ਅਰ ਜਿਸ ਨੇ ਇਸ ਵਿਚ ਕੁਝ ਆਲਸ ਕੀਤਾ ਸੋਈ ਮਲੇਛ ਯਾ ਅਧਰਮ ਪਣੇ ਦਾ ਅਧਕਾਰੀ ਹੋ ਗਿਆ॥

ਸਾਡੇ ਪਜਾਰੇ ਪਾਠਕ ਇਸ ਪਰ ਵਿਚਾਰ ਕਰ ਸਕਦੇ ਹਨ ਕਿ ਸਚਾ ਧਰਮ ਅਤੇ ਉਸ ਦੇ ਧਾਰਨ ਵਾਲਾ ਸਚਾ ਧਰਮਾਤਮਾਂ ਕੌਣ ਹੋ ਸਕਦਾ ਹੈ। ਅਰ ਧਰਮ ਦਾ ਸਬੰਧ ਕਿਸ ਨਾਲ ਹੈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

ਸਾਡੇ ਦੇਸੀ ਭਾਈ ਜਦ ਕਿਸੇ ਕਾਰਜ ਨੂੰ ਅਰੰਭ ਦੇ ਹਨ ਤਦ ਉਸ ਦੇ ਰਾਸ ਲਿਆਉਨ ਵਾਸਤੇ ਕਿਸ ਨ ਕਿਸੇ ਦੇਵਤੇ ਦੀ ਪੂਜਾ ਕਰ ਦੇ ਹਨ ਜੈਸਾ ਕਿ ਅਕਸਰ ਪੁਰਖਾ ਨੂੰ ਦੇਖਯਾ ਜਾਂਦਾ ਹੈ ਜੋ ਕਈ ਕਾਰਜਾਂ ਦੇ ਅਰੰਭ ਵਿਚ ਗਨੇਸ ਜੀ ਦੀ ਪੂਜਾ ਕਰਦੇ ਹਨ ਪਰੰਤੂ ਗੁਰੂ ਜੀ ਇਸ ਪਰ ਕਿਆ ਉਪਦੇਸ ਕਰਦੇ ਹਨ ਯਥਾ (ਧਰ ਜੀਅੜੇ ਇਕ ਟੇਕ ਲਾਹਿ ਬਿਡਾਣੀਆਸ। ਨਾਨਕ ਨਾਮ ਧਿਆਈਐ ਕਾਰਜ ਆ ਵੈ ਰਾਸ) ਇਸ ਪਵਿਤ੍ਰ ਸਲੋਕ ਦ ਭਾਵ ਇਹ ਹੈ ਕਿ ਹੇ ਮਨ ਤੂੰ ਦੂਸਰੇ ਦੀ ਆਸ ਨੂੰ ਛਡੇ ਕੇ ਇਕ ਅਕਾਲ ਪੁਰਖ ਦੀ ਓਟ ਤਕਾਉ। ਜਿਸ ਤੇ ਉਸਦੇ ਅਰਾਧਨ ਕਰਨੇ ਤੇ ਤੇਰੇ ਸਾਰੇ ਕਾਰਜ ਰਾਸਆਇ ਜਾਉਨਗੇ॥

ਕਿਆ ਇਸ ਪਵਿਤ੍ਰ ਉਪਦੇਸ ਦੇ ਮੰਨਨੇ ਵਾਲੇ ਮਹਾਤਮਾਂ ਭੀ ਅਪਨੇ ਕਾਰਜ ਦੀ ਸਿਧੀ ਲਈ ਕਿਸੇ ਹੋਰ ਦੀ ਓਟ ਲੈਨਗੇ॥

ਦਸਮ ਗੁਰੂ ਜੀ ਦੇ ਧਰਮ ਜੁੱਧ

ਦੈਂਗਾ—ਦਿਠਾ ਜਦੋ ਜਲਾਦਾ ਨੇ ਇਹ ਸੇਰ ਬਹਾਦਰ ਜੰਗੀ। ਆਏ ਫੜਕੇ ਹਥਾ ਅੰਦਰ ਤੇਗ ਫਲਾ ਦੀ ਨੰਗੀ॥ ਫੇਰ ਨਸੇਲੇ ਅਤੇ ਬਰਛੀਆਂ ਸਾਗਾਂ ਨੂੰ ਚਮਕਾਉਨਾ। ਇਕ ਨਿਸਾਨੇ ਉਪਰ ਸਾਰੇ ਤਕ ਤਕ ਤੀਰ ਚਲਾਉਨ॥ ੧॥ ਮਾਰੋ ਮਾਰੇ ਬਕਨ ਮੁਖ ਅੰਦਰ ਤਰਸ ਨ ਮਨ ਵਿਚ ਕਰਦੇ। ਬਾਲ ਉਮਰ ਬਿਚ ਏਸੇ ਦੇ ਉਹ ਖੂਨੋਂ ਮੂਲ ਨ ਡਰਦੇ॥ ਕਈ ਪਹਾੜੀ ਹੋਇ ਅਗਾੜੀ ਮਾਰਨ ਤੇਜ ਕਟਾਰੀ। ਕਿਤੇ ਰੁਹੇ ਲੋ ਲੈਕੇ ਸੇਲੇ ਮਾਰਨ ਦੇ ਕਿਲਕਾਰੀ॥ ੨॥ ਪਰ ਇਹ ਮਨ ਵਿਚ ਮੂਲ ਨ ਡਰਦਾ ਕਰਦਾ ਜੁੱਧ ਹਠੀਲਾ। ਵੇਖ ਭਯਾਨਕ ਫੌਜ ਜਰਾ ਮੁਖ ਹੋਇਆ ਨਾ ਉਸ

Digitized by Panjab Digital Library | www.panjabdigilib.org

ਧੀਲਾ ॥ ਇਕ ਹਥ ਵਿਚ ਢਾਲ ਨਾਲ ਓਹ ਸਾਰੇ ਵਾਰ ਬਚਾਏ। ਦੂਜੇ ਨਾਲ ਤੇਗ ਫੜ ਬਾਂਕੀ ਹੋਇ ਨਪਲਕ ਚਲਾਏ ॥ ੩ ॥ ਜਿਤ ਵਲ ਪੈਂਦਾ ਰੋਹ ਭਰਿਆ ਇਹ ਸ਼ੇਰ ਵਾਂਗ ਭਬਕਾਰੇ। ਸਨ ਮੁਖ ਕੋਇ ਨ ਖੜਦਾ ਸੂਰਾ ਜਾਂਦੇ ਪੀਠ ਭਵ ਕੇ ॥ ਕਈਆਂ ਦੇ ਫੜ ਆ ਪੂਲ੍ਹਾਂਹੇ ਤੜਫਨ ਪਏ ਵਿਚਾਰੇ। ਆਖਨ ਇਸ ਬਾਲਕ ਦੇ ਹਥੋਂ ਗਏ ਪ੍ਰਾਣ ਹਮਾਰੇ ॥ ੪ ॥ ਕਿਤਨਿਆਂ ਦੇ ਸਿਰ ਧਰ ਪਰ ਮਾਰੇ ਕਿਤਨੇ ਹਥ ਕਟਾਏ। ਨਸ ਗਏ ਉਹ ਰਣ ਭੂਮੀ ਮੈਂ ਫੇਰਨ ਮੁੜਕੇ ਆਏ ॥ ਕਿਤਨਿਆਂ ਦੇ ਜਿਨ ਨਾਲ ਤੇਗ ਦੇ ਪਾੜ ਪੇਟ ਸਨ ਸਿੱਟੇ। ਕਿਤਨੇ ਗਿਰੇ ਧਰਾ ਪਰ ਤੜਫਨ ਪੈਰ ਕਟੇ ਸਣ ਗਿਟੇ ॥ ੫ ॥ ਮਾਰੋ ਮਾਰ ਰਹੇ ਰਣ ਸੂਰਾ ਧਰਮ ਜੁੱਧ ਮੈਂ ਪੂਰਾ। ਜਿਤ ਵਲ ਪੈਂਦਾ ਰੋਹਿ ਧਾਰ ਕਰ ਦਿੰਦਾ ਚੂਰਾ ਚੂਰਾ ॥ ਵੇਖ ਪਠਾਨ ਹਰਾਨ ਹੋਇ ਮੁਖ ਆਖਨ ਕਹਰ ਖੁਦਾਈ। ਏਸ ਬਾਲ ਸਹਜ਼ਾਦੇ ਨੇ ਹੈ ਕੇਹੀ ਧੁਮ ਮਚਾਈ ॥ ੬ ॥ ਜੇ ਛੋਟਾ ਹੀ ਹੈ ਇਹ ਐਸਾ ਜਦ ਵਡਾ ਹੋ ਜਾਊ। ਬਾਦਸ਼ਾਹ ਦੀ ਸਾਰੀ ਸੈਨਾ ਇਕ ਇਕਲਾ ਖਾਊ ॥ ਗੁਰ ਗੋਬਿੰਦਸਿੰਘ ਦਾ ਅਕਸਰ ਹੈ ਇਹ ਪੁਤ ਰੰਗੀਲਾ। ਅਜੀਤਸਿੰਘ ਦਾ ਛੋਟਾ ਭਾਈ ਹੈ ਇਹ ਛੈਲ ਛਬੀਲਾ ॥ ੭ ॥ ਦੇਖੇ ਹਥ ਕਹਰ ਦੇ ਜਦ ਹੀ ਭੀਮਚੰਦ ਕਹਲੂਰੀ। ਜਾਇ ਖੜਾ ਤਦ ਸੂਬੇ ਦੇ ਢਿਗ ਉਤਰ ਗਈ ਮਗਰੂਰੀ ॥ ਕਹੀ ਖਾਂਨ ਜੀ ਖਾਂਨ ਖਪਾਏ ਇਨ ਬਾਲਕ ਨੇ ਫੜਕੇ, ਜਿਸ ਪਰ ਮਾਰੇ ਤੇਗ ਕਹਰ ਦੀ ਵਾਂਗ ਕਬੂਤਰ ਫੜਕੇ ॥ ੮ ॥ ਤਾਂਤੇ ਹੁਣ ਲਲਕਾਰੋ ਦਲ ਨੂੰ ਕਰਕੇ ਆਪ ਦਲੇਰੀ। ਮੈਂ ਭੀ ਅਗੇ ਕਰਸਾਂ ਦੇਖੋਂ ਫੌਜ ਜਿਤੀ ਹੈ ਮੇਰੀ ॥ ਰਲ ਮਿਲ ਇਸ ਦੀ ਜਾਨ ਮੁਕਾਓ ਸਾਂਗਾਂ ਨਾਲ ਰਿੱਵੋਵੋਰ ਮਾਰਕੇ ਬਾਪ ਏਸਦੀ ਨੀਂਦ ਸੁਖਾਂ ਦੀ ਸੋਵੇ ॥ ੯ ॥ ਸੁਨਦੇ ਸਾਰ ਖਾਨਨੇ ਆਖੀ ਮਰੋ ਪਠਾਨੋ ਪਾਜੀ। ਕਿਥੋਂ ਤੀਕ ਬਚਾਵੋ ਜਾਨਾਂ ਮਰੋ ਹੋਇ ਕਰ ਗਾਜ਼ੀ। ਸੁਨ ਕੇ ਹੁਕਮ ਕਹਰ ਦਾ ਸਾਰੇ ਵਾਂਗ ਘਟਾ ਦੇ ਉਮਡੇ। ਚਾਰੇ ਪਾਸਿਓ ਪਾਕੇ ਘੇਰਾ ਬਦਲ ਵਾਂਗਰ ਘੁਮਡੇ ॥ ੧੦ ॥ ਸਭਨਾ ਇਕੋ ਵੇਰ ਚਲਾਏ ਸਸਤ੍ਰ ਨਾਲ ਦਲੇਰੀ। ਵਿਚ ਇਕਲਾ ਚਾਇ ਪਰੋਤਾ ਸਭਨਾ ਪਾਕੇ ਘੇਰੀ ॥ ਕਿਨੇ ਤੇਗ ਦੇ ਨਾਲ ਹੱਥ ਨੂੰ ਭੁਜ ਤੋਂ ਕਟ ਵਗਾਇਆ। ਕਿਨੇ ਸਾਂਗ ਦੇ ਨਾਲ ਬੀਰ ਦਾ ਬਾਜੂ ਤੋੜ ਗਿਰਾਇਆ ॥ ੧੧ ॥ ਮਾਰ ਕਟਾਰੀ ਕਿਨੇ ਪੇਏ ਮੋਂ ਢਾਲ਼ੀ ਬਖਤਸਾਰੀ। ਬਰਛੀ ਮਾਰ ਕਿਨੇ ਚਾ ਕੱਢੀ ਤਨ ਤੇ ਚਾਇਦੁਸਾਰੀ। ਕਿਨੇ ਤੇਗ ਦੇ ਨਾਲ ਸੀਸ ਨੂੰ ਚਾਇ ਉਤਾਰਿਆ ਪਲ ਮੈਂ। ਲੌਹੂ ਧਾਰ ਫੁਹਾਰੇ ਵਾਂਗੂ ਵਗਨ ਲਗੀ ਗਲ ਮੈਂ ॥ ੧੨ ॥ ਜਿਸ ਨੂੰ ਪੀਕੇ ਪਿਆਸ ਬੁਝਾਈ ਜਿਸ ਨੇ ਸੀ ਦੁਖ ਦਿੱਤਾ। ਘੁੰਮ ਘੁੰਮ ਕੇ ਧਰਤੀ ਪਰ ਫਿਰ ਬਿਸਤਰ ਸੀ ਕਰ ਲੀਤਾ। ਸੁਤਾ ਨੀਂਦ ਸੁਖਾਲੀ ਲੇਕੇ ਫੇਰ ਨ ਕਰਵਟ ਫੇਰੀ। ਜਗ ਵਿਚ ਬਾਕੀ ਛਡ ਗਿਆਂ ਜੋ ਅਪਨੀ ਸਦਾ ਦਲੇਰੀ ॥ ੧੩ ॥ ਚੰਦਰ ਜੈਸਾ ਮੁਖੜਾ ਉਸਦਾ ਧਰਤੀ ਪਰ ਸੀ ਰੁਲਦਾ। ਮਾਨੋਂ ਪਿਆ ਗੁਵਾਹੀ ਦਿੰਦਾ ਧਰਮ ਪਾਲਨਾ ਕੁਲ ਦਾ ॥ ਸੋਢਵੰਸ ਅਰ ਤੇਸ ਛਤ੍ਰੀ ਧਰਮ ਧੁਜਾ ਜਗ ਮਾਹੀ। ਅੰਗ ਅੰਗ ਕਟਵਾਕੇ ਅਪਨੇ ਹਾਇ ਕਹੀ ਮੁਖ ਨਾਹੀਂ ॥ ੧੪ ॥ ਧਰਤੀ ਕੰਬ ਗਈ ਉਸ ਵੇਲੇ ਪੀੜਨ ਜਾਂਦੀ ਝੱਲੀ। ਹੋਕੇ ਧੂੜ ਉਠੀ ਮਨ ਰੋਕੇ ਵਲ ਅਕਾਸ਼ੇ ਚੱਲੀ। ਹਾਇ ਹਾਇ ਸਭ ਦੇਖਨ ਵਾਲੇ ਰੋ ਰੋ ਚਾਇ ਪੁਕਾਰੇ। ਵਾਹ ਵਾਹ ਤਦ ਕਹੀ ਬਾਪ ਨੇ ਜਦ ਸੁਤ ਸੁਰਗ ਸਧਾਰੇ ॥ ੧੫ ॥

—

ਸਰਾਬੀ ਦੇ ਹਾਲ ਦਾ ਅੰਤ

ਚੌਪਈ—ਜੇ ਮੈਂ ਸਾਰੇ ਕਿਸੇ. ਆਖਾਂ। ਤਾਂ ਉਹ ਜਿਨ ਦਿਨ ਹੁੰਦੇ ਲਾਖਾ। ਪਰਖਲਵਾੜੇ ਵਿਚੋਂ ਮੁੱਠੀ। ਮੈਂ ਦਸੀ ਕੁਝ ਸਿਧੀ ਪੁੱਠੀ ॥ ਪਰ ਓੜਕ ਨੂੰ ਕੀਤੀ ਬੱਸ। ਅਜੇ ਨਹੀਂ ਅਸਾਡੇ ਵੱਸ। ਸਭ ਭਾਈਆ ਦੀ ਹੈ ਹੁਣ ਮਰਜੀ। ਮੈਂਨਾ ਦਿਆਂ ਕਿਸ ਪਰ ਅਰਜੀ। ਪੀਣਾ ਨਾ ਪੀਣਾ ਹੈ ਜੇਈ। ਸਭ ਦੇ ਅਪਨੇ ਵਸ ਹੈ ਸੋਈ। ਅਰ ਉਸਦਾ ਜੋ ਵਲ ਹੈ ਮੀਤਾ। ਸੋ ਭੀ ਸਭ ਹੀ ਨੇ ਸੁਨ ਲੀਤਾ। ਕਿਤਨੇ ਇਸ ਨੂੰ ਪੀ ਕਰ ਮੂਏ। ਕਿਤਨੇ ਗਿਰੇ ਰੋਗ ਦੇ ਖੂਹੇ। ਕਿਤਨੇ ਥਰ ਥਰ ਕੰਬਨ ਲੱਗੇ। ਕਿਤਨਿਆ ਦੇ ਰੰਗ ਕੀਤੇ ਵੱਗੇ। ਕਿਤਨਿਆ ਦੇ ਘਰ ਪੁਤ ਨ ਹੋਏ। ਅੰਤਰ ਹੋਕੇ ਜਗਤੋਂ ਮੋਏ। ਕਿਤਨੇ ਧਨ ਵਾਲੇ ਜੋ ਭਾਈ। ਨਿਰਧਨ ਹੋਕੇ ਕਰਨ ਗਦਾਈ। ਕਿਤਨੇ ਰੁਲਦੇ ਵਿਚ ਬਜਾਰਾਂ। ਛਿਤਰ ਖਾਵੇਂ ਕਈ ਹਜਾਰਾਂ। ਕਿਤਨੇ ਫਿਰਦੇ ਵਾਂਗ ਸੁਦਾਈ। ਕਿਤਨਿਆ ਪਤ ਪਰਤੀਤ ਗਵਾਈ। ਅਖਾਂ ਤੋ ਕਿਤਨੇ ਰਹ ਗਏ। ਸੁਰਦਾਸ ਹਾਜ਼ਰ ਤੋ ਭਏ। ਕਿਤਨੇ ਵਿਭ ਚਾਹੀ ਨਰ ਹੋਕੇ। ਫਿਟਕੇ ਭਲਿਆ ਵਿਚ ਖਲੋਕੇ। ਕਿਤਨੇ ਆਕਸਾਰਤੋ ਗਏ। ਕਿਤਨੇਂ ਪਾਗਲਖਾਨੇ ਪਏ। ਕਿਤਨੇ ਮਰੇ ਪੀਣ ਦੇ ਮਾਰ। ਕਿਤਨੇਂ ਹੋਏ ਜਗਤ ਖੁਆਰ ਕਿਤਨੇ ਕੋਠੇ ਉਤੋਂ ਗਿਰੇ। ਗਏ ਸਾਸ ਜਿਨ ਫੇਰਨ ਫਿਰੇ। ਕਿਤਨਆ ਨੇ ਅਪਨੀ ਜੋ ਨਾਰੀ। ਇਸ ਪਾਪਨ ਨੂੰ ਪੀਕੇ ਮਾਰੀ। ਕਿਤਿਨਆ ਮਾਰੇ ਬਾਪ ਦੇ ਭੰਡੇ। ਜਨ ਕੇ ਬੀਜੇ ਅਕਬਰ ਕੰਡੇ। ਕਿਤਨੇ ਘਰ ਬਾਰੋਂ ਹੀ ਗਏ। ਬਸਦੇ ਹੋਏ ਉਜੜਤ ਭਏ। ਕਿਤਨੇ ਧਰਮ ਖੋਇ ਕਰ ਰੋਏ। ਕਿਤਨੇ ਕੈਦ ਵਿਚ ਹੀ ਸੋਏ। ਏਸ ਸਰਾਬ ਕਰੇ ਜੋ ਕਾਰੇ। ਕਿਥੇ ਤੀਕਰ ਕਹਾਂ ਪਿਆਰੇ। ਸਭ ਐਬਾਂ ਦਾ ਇਹ ਸਰਦਾਰ। ਵਡੇ ਮਕਾਰਾਂ ਦਾ ਮੱਕਾਰ। ਜਿਥੇ ਇਸ ਨੇ ਪੈਰ ਟਕਾਇਆ। ਸਭੋ ਕੁਝ ਉਥੇ ਹੀ ਆਇਆ। ਜਿਥੇ ਇਸਦੀ ਪੈਰਾਈ ਹੱਟੀ। ਭਲ ਆਈ ਤਦ ਉਥੋਂ ਪਟੀ। ਚੋਰੀ ਠਗੀ ਤੇ ਬਦਮਾਸੀ। ਸਭਨਾ ਦੀ ਏਹੋ ਹੈ ਮਾਸੀ। ਰੰਡੀ ਬਾਜ਼ੀ ਕੰਮ ਸਤਾਨੀ। ਉਸੀ ਦੀ ਹੈ ਇਹ ਪੱਕੀ

Digitized by Panjab Digital Library / www.panjabdigilib.org

ਨਾਹੀਂ। ਅਰ ਜੋ ਲੋਗ ਖੇਲਦੇ ਜੂਆ। ਠੀਕ ਉਨਾ ਦੀ ਲਗੇ ਛੂਆ। ਚੋਰ ਕਰਨ ਜੋ ਕੰਮ ਨਕੰਮਾ। ਏਹ ਉਨਾ ਦੀ ਵਡੀ ਮੰਮਾ। ਬੇਸ਼ਰਮੀ ਜੋ ਅਖੀਂ ਆਈ। ਉਸ ਦੀ ਭੀ ਇਹ ਲਗੇ ਤਾਈ। ਕਿਥੋਂ ਤੀਕਰ ਹੋਰ ਬਤਾਵਾਂ। ਇਸ ਪਾਪਨ ਦੇ ਹਾਲ ਸੁਨਾਵਾਂ। ਪਰ ਮੈਂ ਇਤਨੀ ਕਰਾਂ ਪੁਕਾਰਾ। ਇਸਤੇ ਬਚ ਕੈ ਰਹਨਾ ਯਾਰਾ। ਜੇ ਨਾ ਬਚੋਂ ਕਰੋਗੇ ਹਾਸੀ। ਤਾਂ ਦੁਖਾ ਦੀ ਪਰਹੋਂ ਫਸੀ। ਮੈਂ ਇਸ ਤੇ ਅਗੋ ਕੀ ਆਖਾ। ਸਰਬ ਪਾਪ ਹਨ ਇਸ ਦੀ ਸਾਖਾਂ। ਜਿਤਨੀ ਬੋਤਲ ਵਿਚ ਸੁਹਾਵੇ। ਉਤਨੀ ਪੀਤੀ ਖੂਬ ਟਪਾਵੇ। ਤਾਂ ਤੇ ਹਥ ਏਸ ਨੂੰ ਜੋੜੋ। ਅਪਨਾ ਤਿਣਕਾ ਇਸਤੇ ਤੋੜੋ। ਸਭਨਾ ਨੂੰ ਮੈਂ ਵਰੂ ਦੁਹਾਈ। ਇਸ ਪਾਪਨ ਪਰ ਲਾਨਤ ਪਾਈ॥

ਅਰਜਾਨਾ ਸਿੰਘ ਦੀ ਬਾਕੀ

ਗਪੌੜਾਸਿੰਘ—ਦੋ: ਲੋ ਲਾਲਾ ਜੀ ਅਜ-ਹੀ ਜਾਵਾਂ ਦਾਦੇ ਕੋਲ। ਜੋ ਤਾਂ ਖੂਬ ਸੁਨਾਈਆਂ ਮੈ ਤਾਂ ਥਾ ਅਨ ਭੋਲਾ ॥ ੧ ॥ ਚੌਪਈ—ਰਾਮ ਰਾਮ ਕਹਿ ਅਗੇ ਗਿਆ। ਓਥੇ ਪੁਤਰਦਾ ਪੁਤ ਆਇਆ। ਜਾਂ ਪੋਤਰ ਨੂੰ ਹਾਕ ਚਲਾਈ। ਏਧਰ ਤਕੋ ਜੀ ਸਮਝਾਈ। ਬਾਰੀ ਵਿਚੋਂ ਜਦ ਉਨ ਦੇਖਾ। ਸਮਝ ਗਏ ਉਹ ਸਾਰਾ ਲੇਖਾ। ਕਹੀ ਆਊ ਉਪਰ ਹੇ ਭਾਈ। ਗਲੀ ਵਿਚ ਕਿਉਂ ਛਿੰਝ ਮਚਾਈ। ਸੁਣ ਦੇ ਸਾਰ ਗਿਆ ਉਸ ਪਾਸ। ਭੇਟ ਕਰੀ ਤਦ ਜਾ ਅਰਦਾਸ। ਜਿਸ ਪਰ ਉਸ ਨੇ ਦਈ ਅਸੀਸ। ਮਿਲੀ ਜਦੋ ਬੈਠਨ ਦੀ ਫੀਸ। ਫਿਰ ਪੁਛਿਆ ਕਿਆ ਨਾਮ ਤੁਮਾਰਾ। ਕਿਨ ਦਸਿਆ ਹੈ ਧਾਮ ਹਮਾਰਾ। ਜਿਸ ਨੂੰ ਸੁਨਕੇ ਉਸਨੇ ਭਾਖੀ। ਸਭ ਜਗ ਗਾਵੈ ਤੇਰੀ ਸਾਖੀ। ਪਰ ਇਕ ਲਾਲੇ ਨੇ ਮੁਝ ਤਾਈ। ਕਹੀ ਬਡਾਈ ਬਹੁਤ ਗੁਸਾਈ॥ ਜਿਸਨੇ ਭੂਤ ਚੁੜੇਲਾਂ ਕਿਸਾ। ਖੋਲ ਸੁਨਾਇਆ ਜਿੰਨਾ ਪਿਸਾ। ਮੇਰਾ ਨਾਊ ਗਪੌੜਾ ਹਈ। ਦਾਸ ਆਪਦਾ ਹਾਂ ਬਿਨਤੀ ਕਰੀ। ਦਰਸਨ ਕਰ ਮੈਂ ਭਇਆ ਅਨੰਦ। ਜਾਗੇ ਆਜ ਭਾਗ ਜੋ ਮੰਦ। ਇਤਨੀ ਸੁਨ ਕਰ ਬੋਲੇ ਬਾਤ। ਕਹੋ ਕਾਮ ਕਜ ਮੇਰੇ ਭਰਾਤ। ਜਿਸ ਪਰ ਬੋਲਜਾ ਸਿੰਘ ਗਪੌੜਾ। ਮੇਰਾ ਕਿਸਾ ਲੰਬਾ ਚੌੜਾ। ਪਰਾ ਆਇ ਦਰਨਾ ਪਰ ਐਸੇ। ਸਾਈਂ ਦਾ ਦਰ ਨਮਾਜੀ ਜੈਸੇ। ਹੇ ਘਰ ਮੰਦਰ ਰੂਪ ਗੁਸਾਈ। ਸਾਡਾ ਮਰਦਾ ਸਿੰਘ ਅਜਾਈ। ਚੀਰਾ ਭੁਲਾ ਦੇਖਨੇ ਲਗੀ। ਧਰ ਹਥਾਂ ਦੇ ਲਖਹੁਨ ਥਗੇ। ਦਿਨ ਦਿਨ ਘਟਦਾ ਜਾਂਦਾ ਭਾਈ। ਕੈਸੀ ਬਿਮਾਰੀ ਗੁੱਝੀ ਆਈ। ਬਾਹਰ ਤੇ ਕੁਝ ਨਜਰ ਨ ਆਵੇਗਾ। ਅੰਦਰ ਰੋਗ ਉਸ ਨੂੰ ਖਾਵੇ। ਕਈ ਡਾਕਟਰ ਵੈਦ ਹਕੀਮ। ਕਰਦੇ ਦਾਰੂ ਹਾਰੇ ਮੁਕੀਮ। ਖਰਚ ਸੈਕੜੇ ਕਰੇ ਰੁਪਈਏ। ਜਣੇ ਕਣੇ ਨੂੰ ਫੀਸ ਦਈਏ। ਪਰ ਨਾ ਰੰਚਕ ਭਇਆ ਸਹਾਰਾ। ਸਗੋ ਵਿਗੜਦਾ ਗਿਆ ਵਿਚਾਰਾ। ਪਰ ਧਰਮੋ ਸਰ ਸੁਣੀ ਪੁਕਾਰਾ। ਮਿਲੀ ਅਸਾਨੂੰ ਤੇਰੀ ਸਾਰ। ਜਿਸਤੇ ਤੇਰੇ ਦਰ ਪਰ ਆਏ। ਜੇ ਤੂੰ ਖੋਤ ਨੌਕਰੇ ਪਾਏ ॥ ੨ ॥

ਪਤ੍ਰ ਸਰਦਾਰ ਟਹਲਸਿੰਘ ਸਬਓਵਰਸੀਅਰ ॥

ਪਜਾਰੇ ਐਡੀਟਰ ਖਾਲਸਾ ਅਖਬਾਰ ਲਾਹੌਰ—ਆਪ ਇਸ ਪਤ੍ਰਕਾ ਨੂੰ ਅਖਬਾਰ ਵਿੱਚ ਛਾਪ ਦੇਵੋਂ॥

ਪਤ੍ਰ—ਆਦੀ ਅਖਬਾਰ ਤੇ ਖਾਲਸਾ ਪੰਥ ਨੂੰ ਬਹੁਤ ਬੜ੍ਹਕੇ ਲਾਭ ਹੋਇਆ ਹੈ ਅਤੇ ਆਸਾ ਹੈ ਜੋ ਦਿਨ ਬਦਿਨ ਹੋਰ ਬਧਕੇ ਲਾਭ ਹੋਵੇਗਾ ਪਰੰਤੂ ਮੇਰੀ ਖਾਲਸਾ ਪੰਥ ਅੱਗੇ ਇਹ ਪ੍ਰਾਰਥਨਾ ਹੈ ਕਿ ਇਸ ਅਖਬਾਰ ਦੇ ਕਾਇਮ ਕਰਨੇ ਦੇ ਵਾਸਤੇ ਸਰਮਾਇਆ ਕਰਨੇ ਦਾ ਤਰੀਕਾ ਇਕਰਾਰ ਕੀਤਾ ਜਾਵੇ। ਜਿਸਤੇ ਇਸ ਅਖਬਾਰ ਨੂੰ ਕੋਈ ਹਰਜਾ ਨਾ ਪਹੁਚੇ ਅਰ ਹਮੇਸ਼ਾ ਦੇ ਵਾਸਤੇ ਕਾਇਮ ਰਹੇ ਅਰਥਾਤ ਸਭ ਭਾਈ ਚੰਦਾ ਇਕਠਾ ਕਰਕੇ ਕੋਈ ਜਾਇਦਾਦ ਖਰੀਦ ਕਰਨ ਜਿਸ ਦੀ ਆਮਦਨੀ ਨਾਲ ਇਹ ਕਾਰੋਬਾਰ ਬਰਾਬਰ ਚਲਸਕੇ ਜਿਸ ਨਾਲ ਪਰੇਸ ਅਪਨਾ ਖਰੀਦਿਆ ਜਾਵੇ ਭਾਵੇਂ ਇਸ ਸਮਯ ਇਸ ਅਖਬਾਰ ਨੂੰ ਐਡੀਟਰ ਵਡੀ ਕੋਸ਼ਸ਼ ਨਾਲ ਚਲਾ ਰਿਹਾ ਹੈ ਪਰੰਤੂ ਇਨਦੇ ਪਿੱਛੋਂ ਇਹ ਅਖਬਾਰ ਅਪਨੇ ਉਪਦੇਸਾਂ ਦੇ ਮੋਤੀ ਅਮੋਲਕ ਪੰਥ ਲਈ ਪਰਦਾਨ ਕਰਦੇ ਰਹੇ। ਪਰੰਤੂ ਜੈਸਾ ਕਿ ਅਜ ਕਲ ਕਈ ਮਹਾਤਮਾ ਇਸ ਦੀ ਸਹਾਇਤਾ ਲਈ ਪੰਜ ਯਾ ਦਸ ਰੁਪਏ ਦੇਕੇ ਸਹਾਇਤਾ ਕਰ ਰਹੇ ਹਨ ਪਰੰਤੂ ਇਹ ਸਹਾਇਤਾ ਅਜੇਹੀ ਨਹੀ ਹੈ ਜੋ ਸਦਾਵੇਂ ਲਈ ਅਖਬਾਰ ਲਈ ਮਦਦ ਦੇਨ ਵਾਲੀ ਹੋਵੇ। ਇਸ ਵਾਸਤੇ ਸਹਾਇਤਾ ਅਜੇਹੀ ਹੋਣੀ ਚਾਹੀਏ ਜੋ ਸਦਾ ਲਈ ਕਾਇਮ ਰਖਨੇ ਵਾਲੀ ਹੋਵੇ ਇਸ ਸਮਯ ਮੈਂ ਭੀ ੫) ਪੰਜ ਰੁਪਏ ਖਾਲਸਾ ਅਖਬਾਰ ਦੀ ਸਹਾਇਤ ਲਈ ਭੇਜ ਦਾ ਹਾਂ॥

ਅ: ਹਿ: ਟਹਲ ਸਿੰਘ ਸਬਓਵਰਸੀਅਰ

ਅਸੀ ਅਪਨੇ ਪਜਾਰੇ ਸਰਦਾਰ ਸਾਹਿਬਦੀ ਸਚੀ ਹਮਦਰਦੀ ਪਰ ਉਨਾਂ ਦਾ ਧੰਨਵਾਦ ਕਰਕੇ ਬੇਨਤੀ ਕਰਦੇ ਹਾਂ ਕਿ ਸਾਡਾ ਭੀ ਏਹੋ ਖਯਾਲ ਹੈ ਕਿ ਇਹ ਅਖਬਾਰ ਕਿਸੇ ਖਾਸ ਆਦਮੀ ਦਾ ਨਹੀ ਹੈ ਅਤੇ ਇਸ ਦੀ ਆਮਦਨੀ ਯਾ ਜਾਇਦਾਦ ਦਾ ਮਾਲਕ ਖਾਲਸਾ ਪੰਥ ਹੈ। ਅਤੇ ਇਹ ਪੰਥ ਦਾ ਅਖਬਾਰ ਹੈ ਜਿਸ ਪਰ ਅਸੀ ਚਾਹਦੇਹਾਂ ਕਿ ਇਸ ਦੇ ਨਾਲ ਪ੍ਰੇਸ ਖੋਲ੍ਹਿਆ ਜਾਵੇ ਅਤੇ ਇਸ ਕਾਰਖਾਨੇ ਵਿੱਚੋਂ ਅਖਬਾਰ ਅਤੇ ਖਾਲਸਾ ਧਰਮ ਸਬੰਧੀ ਪੁਸਤਕ ਨਿਕਲਦੇ ਰਹਨ ਅਤੇ ਅੰਤ ਦੇ ਵੇਲੇ ਅਸੀ ਇਸ ਬਾਤ ਨੂੰ ਅਖੀਂ ਦੇਖ ਕੇ ਜਾਈਏ ਅਤੇ ਆਖਰੀ ਇਤਨਾਂ ਮੂਹੋ ਬੋਲੀਏ ਕਿ ਅਸੀ ਅਪਨੇ ਪਿਛੇ ਪੰਥ ਦੀ ਸੇਵਾ ਕਰਨ ਵਾਲਾ ਪਰੇਸ ਅਤੇ ਅਖਬਾਰ ਬਹੁਤ ਅ

Digitized by Panjab Digital Library | www.panjabdigilib.org

ਹਾਲਤ ਵਿੱਚ ਛਡ ਚਲੇ ਹਾ) ਸੋ ਆਸਾ ਪੈਂਦੀ ਹੈ ਜੋ ਸਾਡੇ ਉਦਾਰ ਮਹਾਤਮਾਂ ਸਿੰਘ ਜਰੂਰ ਇਸ ਵਲ ਧਯਾਨ ਦੇਨਗੇ ॥

ਲੇਖਕ ਐਡੀਟਰ

ਪਤ੍ਰ ਸ੍ਰੀ ਗੁਰੂ ਸਿੰਘ ਸਭਾ ਅੰਬਾਲਾਛਾਉਨੀ ॥

ਇਸ ਸਭਾਦੇ ਸਕਤ੍ਰ ਸਰਦਾਰ ਜੁਆਹਰ ਸਿੰਘ ਸਾਹਿਬ ਲਿਖਦੇ ਹਣ ਕਿ ਬਸੰਤਪੰਚਮੀ ਨੂੰ ਇਸ ਸਭਾ ਨੇ ਵਡਾ ਧੂਮ ਧਾਮ ਨਾਲ ਜੋੜ ਮੇਲ ਕੀਤਾ ਇਸ ਸਮਜ ਪਰ ਅਕਾਲ ਪੁਰਖ ਦੀ ਕ੍ਰਿਪਾਤੇ ਭਾਈ ਗੈਂਦਾ ਤੇ ਭਾਈ ਅਮੀਰਾ ਰਬਾਬੀ ਭੀ ਆਇਗਏ ਸਨ ਜਿਨਾਂਨੇ ਸਬਦਾਂ ਨਾਲ ਵਡਾ ਭਾਰੀ ਆਨੰਦ ਕੀਤਾ। ਜਿਸਤੇ ਮਗਰੋਂ ਭਾਈ ਦਲਸਿੰਘ ਸਾਹਿਬ ਨੇ ਮਨੋਹਰ ਕਥਾ ਸੁਨਾਈ ਫੇਰ ਜੋਟੀਆਂ ਦੇ ਸ਼ਬਦ ਪੜ੍ਹੇ ਗਏ ਅਤੇ ਕੜਾਹ ਪ੍ਰਸ਼ਾਦਿ ਵਰਤਾਕੇ ਅਰਦਾਸਾ ਸੋਧਿਆ ਗਿਆ ॥

ਖਾਲਸਾ ਅਖਬਾਰ ਇਸ ਸਭਾਦੇ ਸਹਾਇਕਾਂ ਦੇ ਉਤਸਾਹਿ ਪਰ ਇਨਾਂਦਾ ਸਦਾ ਹੀ ਧੰਨਵਾਦ ਕਰਦਾ ਹੈ ਜੈਸਾਕਿ ਬਾਬੂ ਸਰਦਾਰ ਮੁਖਾ ਸਿੰਘ ਸਾਹਿਬ ਪਰੇਜ਼ੀਡੰਟ ਸਭਾ ਅਤੇ ਸਰਦਾਰ ਅਤ੍ਰਸਿੰਘ ਸਾਹਿਬ ਵਾਇਸ ਪਰੇਜ਼ੀਡੰਟ ਆਦਿਕ ਸਾਰੇ ਮਹਾਤਮਾਂ ਸਰਬਦਾ ਪੁਰਖਾਰਥ ਕਰਰਹੇ ਹਨ ॥

ਪਤ੍ਰ ਸ੍ਰੀ ਗੁਰੂ ਸਿੰਘ ਸਭਾ ਮੁਲਤਾਨ ਛਾਉਨੀ॥

ਇਸ ਸਭਾ ਦੇ ਸਕਤ੍ਰ ਸਾਹਿਬ ਲਿਖਦੇ ਹਨ ਕਿ ਜੋ ਸਿੰਘ ਸਭਾ ਮੁਲਤਾਨ ਦਾ ਹਾਲ ਖਾਲਸਾ ਅਖਬਾਰ ਵਿੱਚ ਛਪ ਚੁਕਯਾ ਹੈ ਸੋ ਸਭਾ ਛਾਉਨੀ ਮੁਲਤਾਨ ਦਾ ਸੀ ਕਿੰਤੂ ਸ਼ਹਿਰ ਵਿੱਚ ਅਜੇ ਕੋਈ ਸਭਾ ਨਹੀ ਹੈ ਸੋ ਉਸਦਾ ਹਾਲ ਸਾਰਾ ਇਹ ਹੈ ਜੋ ੨੫ ਜਨਵਰੀ ਸੰ: ੧੮੯੫ ਈ: ਨੂੰ ਸਰਦਾਰ ਰਾਜਿੰਦਰ ਸਿੰਘ ਸਾਹਿਬ ਐਡੀਟਰ ਲਾਇਲ ਖਾਲਸਾ ਗਜ਼ਟ ਇਸ ਜਗਾ ਪਰ ਆਏ ਜਿਨਾਂ ਨੇ ਸਿੰਘ ਸਭਾ ਵਿਚ ਵਖਯਾਨ ਖਾਲਸਾ ਧਰਮ ਦੇ ਬਾਰੇ ਵਿੱਚ ਦਿਤਾ ਜੋ ਜਿਸ ਵਿੱਚ ਦਸਮ ਗੁਰੂ ਮਹਾਰਾਜ ਦਾ ਜੀਵਨ ਚਰਿਤ੍ਰ ਕਥਨ ਕੀਤਾ ਏਹ ਵਖਯਾਨ ਦੋ ਘੰਟੇ ਤਕ ਬਰਾਬਰ ਹੋਇਆ ਜਿਨਾਂ ਦਾ ਸ਼ੁਕਰੀਆ ਸਰਦਾਰ ਬਸੰਤ ਸਿੰਘ ਸਾਹਿਬ ਸੂਪਰ ਵਾਈਜ਼ਰ ਬਾਰਗਾਮਾਸਟਰੀ ਨੇ ਕੀਤਾ ਫੇਰ ਮੁਨਸ਼ੀ ਗਨੇਸ਼ੀ ਲਾਲ ਸਾਹਿਬ ਨੇ ਵਖਯਾਨ ਕਰਤਾ ਦਾ ਬਹੁਤ ੨ ਸ਼ੁਕਰੀਆ ਕੀਤਾ ਜਿਸਤੇ ਦੂਸਰੇ ਦਿਨ ਸ਼ਹਿਰ ਮੁਲਤਾਨ ਵਿੱਚ ਭਾਈ ਦੂਆਲਸਿੰਘ ਦੀ ਧਰਮਸਾਲ ਵਿਖੇ ਇਸੀ ਪ੍ਰਕਾਰ ਵਖਯਾਨ ਹੋਕੇ ਆਨੰਦ ਕੀਤਾ ਅਤੇ ਮਹੰਤ ਸਾਹਿਬ ਤੇ ਸਰਦਾਰ ਬਸੰਤ ਸਿੰਘ ਸਾਹਿਬ ਨੇ ਉਨਾਂਦਾ ਸ਼ੁਕਰੀਆ ਅਦਾ ਕੀਤਾ ॥

ਦੂਸਰੀ ਬਾਤ ਇਹ ਲਿਖਦੇ ਹਨ ਕਿ ਮੁਲਤਾਨ ਛਾਉਨੀ ਵਿੱਚ ਜੋ ਸ੍ਰੀ ਗੁਰੂ ਸਿੰਘ ਸਭਾ ਲਗਦੀ ਹੈ ਉਸ ਦਾ ਅਪਨਾ ਮਕਾਨ ਕੋਈ ਨਹੀਂ ਸਾ ਪਰੰਤੂ ੧॥) ਨੂੰ ਕਰਾਏ ਲੀਤਾ ਹੋਇਆ ਸੀ ਇਸ ਵਾਸਤੇ ਓਹੋ ਮਕਾਨ ਮੁਨਸ਼ੀ ਗਨੇਸ਼ੀ ਲਾਲ ਸਾਹਿਬ ਨੇ ੨੦੦) ਦੋ ਸੌ ਰੁਪਯਾ ਅਪਨੇ ਪਾਸੋਂ ਦੇਕੇ ਖਰੀਦ ਲੀਤਾ ਹੈ ਜਿਸਤੇ ਉਸੀ ਵਿੱਚ ਸਿੰਘ ਸਭਾ ਲਗਦੀ ਹੈ ਪਰੰਤੂ ਉਸ ਦੀ ਦਰਸਤੀ ਦੇ ਵਾਸਤੇ ਹੋਰ ਚੰਦਾ ਦਰਕਾਰ ਸੀ ਇਸ ਵਾਸਤੇ ਜਿਨਾਂ ਸਾਹਿਬਾਂ ਨੇ ਇਸ ਧਰਮ ਕਾਰਜ ਵਿੱਚ ਚੰਦਾ ਦਿੱਤਾ ਹੈ ਸੋ ਉਨਾਂ ਦੇ ਨਾਮ ਅਗੇ ਪ੍ਰਗਟ ਕੀਤੇ ਜਾਂਦੇ ਹਨ ਜੈਸਾ ਕਿ ੨੫) ਪੰਝੀ ਭਾਈ ਨਰੈਣਸਿੰਘ ਸਾਹਿਬ ਖਜਾਨਚੀ ਸਿੰਘ ਸਭਾ ਨੇ ਪ੍ਰਦਾਨ ਕੀਤੇ ੧੫) ਪੰਦਰਾਂ ਰੁਪਏ ਭਾਈ ਮਲਾਸਿੰਘ ਸਾਹਿਬ ਏਜੰਟ ਲਾਲਾ ਜੁਆਲਾ ਸਹਾਇ ਨੇ ਸਮਰਪਨ ਕੀ, ਤੇ ੧੦) ਦਸ ਬਾਬੂ ਕ੍ਰਿਸ਼ਨ ਲਾਲ ਗੁਮਾਸ਼ਤੇ ਨੇ ਦਿਤੇ ਅਤੇ ੨॥) ਭਾਈ ਧੀਰੂ ਰਾਮ ਮਾਸਟਰ ਨੇ ਪ੍ਰਦਾਨ ਕੀਤੇ ਇਸੀ ਪਰਕਾਰ ਬਾਕੀ ਫੇਰ ਲਿਖਨਗੇ ॥

ਖਾਲਸਾ ਅਖਬਾਰ ਮੁਨਸ਼ੀ ਗਨੇਸ਼ੀ ਲਾਲ ਸਾਹਿਬ ਦੇ ਪੁਰਖਾਰਥ ਦਾ ਅਤਯੰਤ ਧੰਨਵਾਦ ਕਰਦਾ ਹੈ ਜਿਨਾਂ ਨੇ ਪਹਲੇ ਪਹਲ ਅਪਨੀ ਵੱਡੀ ਉਦਾਰਤਾ ਨਾਲ ੨੦੦) ਦੋ ਸੌ ਰੁਪਯਾ ਪਰਦਾਨ ਕਰਕੇ ਮਕਾਨ ਖਰੀਦ ਲੀਤਾ ਹੈ ਅਤੇ ਫੇਰ ਉਨਾਂ ਭਾਈਆਂ ਦਾ ਭੀ ਧੰਨਵਾਦ ਕਰਦਾ ਹੈ ਜਿਨਾਂ ਨੇ ਇਸ ਸ਼ੁਭ ਕਾਰਜ ਲਈ ਇਸ ਪਰਕਾਰ ਸਹਾਇਤਾ ਕੀਤੀ ਹੈ ॥

ਪਤ੍ਰ ਸ੍ਰੀ ਗੁਰੂ ਸਿੰਘ ਸਭਾ ਗੁਜਰਾਂਵਾਲਾ

ਪਯਾਰੇ ਐਡੀਟਰ ਸਾਹਿਬ ਇਸ ਖਬਰ ਨੂੰ ਖਾਲਸਾ ਅਖਬਾਰ ਵਿਚ ਜਗਾ ਦੇਣੀ ॥

੧੯ ਮਾਘ ਸੰਮਤ ੪੨੬ ਨਾ: ਆਦਿਤਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਨੇ ਗੁਰੂ ਹਰਿ ਰਾਇ ਸਤੁਵੀਂ ਪਾਤਸ਼ਾਹੀ ਦੇ ਅਵਤਾਰ ਧਾਰਨ ਦਾ ਵੱਡਾ ਭਾਰੀ ਜੋੜ ਮੇਲ ਕੀਤਾ ਜਿਸ ਵਿੱਚ ਪਹਲੇ ਵਡੇ ਆਨੰਦ ਨਾਲ ਸ਼ਬਦ ਕੀਰਤਨ ਕੀਤਾ ਫੇਰ ਭਾਈ ਮਥਰਾਸਿੰਘ ਸਾਹਿਬ ਉਪਦੇਸ਼ਕ ਤੇ ਭਾਈ ਨਰੈਣਸਿੰਘ ਸਾਹਿਬ ਵਿਦਯਾਰਥੀ ਖਾਲਸਾ ਸਕੂਲ ਗੁਜਰਾਂਵਾਲੇ ਨੇ ਗੁਰੂ ਮਹਾਰਾਜ ਦੇ ਜੀਵਨ ਚਰਿਤ੍ਰ ਪਰ ਵਖਯਾਨ ਦਿਤੇ ਅਤੇ ਸੰਗਤ ਨੂੰ ਜਨਮ ਦੀ ਸਾਖੀ ਸੁਨਾਈ ਗਈ ਜਿਸ ਪਰ ਸੰਗਤ ਨੂੰ ਵਡਾ ਆਨੰਦ ਅਤੇ ਲਾਭ ਪ੍ਰਾਪਤ ਹੋਇਆ ਇਸ ਸਿੰਘ ਸਭਾ ਦਾ ਸੰਕਲਪ ਹੈ ਕਿ ਅ.ਜੇਹੇ ਜਲਸੇ ਵਡੀ ਧੂਮ ਧਾਮ ਨਾਲ ਕੀਤੇ ਜਾਇਆ ਕਰਨ ॥

ਲੇਖਿਕ ਇਕ ਸਿੰਘ

ਖਾਲਸਾ ਅਖਬਾਰ ਸਭਾ ਗੁਜਰਾਂ ਵਾਲੇ ਦਾ ਧੰਨਵਾਦ ਕਰਦਾ ਹੈ ॥

Digitized by Panjab Digital Library | www.panjabdigilib.org

ਪਤ੍ਰ ਭਾਈ ਹਰਨਾਮ ਸਿੰਘ ਸਾਹਿਬ ਵੈਦਰਾਜਕ ਰਤਨ ਰਾੜੀਏ

ਪਜਾਰੇ ਐਡੀਟਰ ਖਾਲਸਾ ਅਖਬਾਰ ਆਪ ਇਸ ਪਤ੍ਰਕਾ ਨੂੰ ਖਾਲਸਾ ਅਖਬਾਰ ਵਿਚ ਜਗਾ ਦੇਵੇ ॥

ਦੋਹਰਾ—ਕ੍ਰਿਤਮਾਂ ਕ੍ਰਿਤਮ ਬ੍ਰਹਮ ਕਾ ਨਾਮ ਵਾਹਗੁਰੂ ਮੰਤ। ਸ੍ਰੀ ਗੁਰ ਪ੍ਰਗਟ ਕੀਨ ਯਹ ਕਲ ਕਲੇਸ਼ ਕਰ ਅੰਤ ॥ ੧ ॥ ਕਬਿਤ— ਵਾਸਦੇਵ ਸਭ ਮੈਂ ਨਿਵਾਸ ਕਰੇ ਜੋਤੀ ਰੂਪ ਹਰਿ ਹਿਰਣ ਗਰਭ ਪਾਪ ਸੇਵਕਾਂ ਨਿਵਾਰਹੀ। ਗੋਇ ਨਾਮ ਭੂਮੀ ਆਦ ਸਰਬ ਮੈਂ ਸੱਤ ਰੂਪ ਬਿੰਦ ਤਾਂਹਿ ਲਾਭ ਹੋਇ ਕੁਲ ਨਿਸਤਾਰਹੀ ॥ ਰਾਮ ਰਮੇ ਸਰਬ ਮੈਂ ਧਜਾਨਕ ਕਲਜਾਨ ਹੋਹਅਸ ਵਾਹ ਗੁਰੂ ਮੰਤ ਸਭ ਨਾਮ ਧਾਰਹੀ। ਨਾਮ ਪੁਰਖੋਤਮ ਜੁ ਮਿਲੇ ਗੁਰ ਪਰਸਾਦ ਕਰ ਕਲ ਕੇ ਕਲੇਸ਼ ਦਲ ਮੁਖੋਂ ਜੋ ਉਚਾਰਹੀ ੨।

ਖਾਲਸਾ ਅਖਬਾਰ ਅਪਨੇ ਪਰਮ ਮਿਤ੍ਰ ਵੈਦਕ ਰਾਜਕ ਸਾਹਿਬ ਅੱਗੇ ਪ੍ਰਾਰਥਨਾ ਕਰਦਾ ਹੈ ਜੋ ਬਹੁਤ ਅਛਾ ਹੋਵੇ ਜੇ ਇਸੀ ਪਰਕਾਰ ਦੇ ਛੰਦ ਸਰਲ ਭਾਸ਼ਾ ਵਿੱਚ ਹੋਨ ਜੋ ਸਭ ਭਾਈ ਸਮਝ ਸਕਨ ਇਸ ਪ੍ਰਕਾਰ ਦੀ ਭਾਸ਼ਾ ਬਹੁਤ ਥੋੜੇ ਪਾਠਕ ਸਮਝਦੇ ਹਨ ਇਸੀ ਵਾਸਤੇ ਦੂਸਰਾ ਕਬਿਤ ਨਹੀਂ ਲਿਖਯਾ ਗਿਆ ਕਿਉਂਕਿ ਉਹ ਇਸ ਤੇ ਭੀ ਕਠਨ ਹੈ ਛੰਦ ਇਸ ਭਾਸ਼ਾ ਵਿੱਚ ਚਾਹੀਏ ਜਿਸ ਵਿੱਚ ਖਾਲਸਾ ਅਖਬਾਰ ਦੇ ਹੁੰਦੇ ਹਨ ॥

—

ਪਤ੍ਰ ਗੁਜਰਾਂਵਾਲਾ

ਭਯਾਨਕ ਵਾਰਦਾਤ

ਪਜਾਰੇ ਐਡੀਟਰ ਸਾਹਿਬ ਆਪ ਇਸ ਭਯਾਨਕ ਵਾਰਦਾ ਨੂੰ ਭੀ ਖਾਲਸਾ ਅਖਬਾਰ ਵਿੱਚ ਜਗਾ ਦੇਵੇ ॥

ਕੁਝ ਦਿਨ ਹੋਏ ਹਨ ਜੋ ਜ਼ਿਲਾ ਗੁਜਰਾਤ ਥਾਨਾ ਕਾਦਰਾ ਬਾਦ ਦੇ ਕਾਲਾ ਨਾਮੇ ਨਗਰ ਵਿੱਚ ਇਕ ਸ਼ਾਹੂਕਾਰ ਰਹਿੰਦਾ ਹੈ ਅਰ ਉਸ ਸਾਰੇ ਨਗਰ ਵਿੱਚ ਮੁਸਲਮਾਨਾਂ ਦਾ ਹੀ ਜ਼ੋਰ ਹੈ ਉਨਾਂ ਨੇ ਚਿਤ ਵਿੱਚ ਸਲਾਹ ਕੀਤੀ ਕਿ ਇਸ ਸ਼ਾਹੂਕਾਰ ਨੂੰ ਮਾਰ ਕੇ ਇਸ ਦਾ ਸਾਰਾ ਮਾਲ ਲੁਟ ਲਈਏ ਪਰੰਤੂ ਇਸ ਬਾਤ ਦੀ ਖਬਰ ਸ਼ਾਹੂਕਾਰ ਨੂੰ ਭੀ ਹੋ ਗਈ ਪਰ ਉਹ ਬਿਚਾਰਾ ਕਜਾ ਕਰਸਕਦਾ ਸੀ ਇਸ ਵਾਸਤੇ ਉਹ ਡਰਦਾ ਮਾਰਿਆ ਚੁਪ ਚਾਪ ਬਾਹਰ ਜਾਕੇ ਸੌ ਰਿਹਾ ਜਦ ਅੱਧੀ ਰਾਤ ਹੋਈ ਤਦ ਬਹੁਤ ਸਾਰੇ ਲੋਗ ਇਕਠੇ ਹੋਕੇ ਆਏ ਅਤੇ ਉਸ ਸ਼ਾਹੂਕਾਰ ਨੂੰ ਜਗਾਕੇ ਆਖਿਆ ਕਿ ਸਬਦੇ ਘਰ ਨੂੰ ਚੱਲ ਜਿਸਪਰ ਉ ਪ੍ਰਾਣਾਂ ਦੇ ਡਰਦਾ ਮਾਰਿਆ ਚੁਪ ਚਾਪ ਅਗੇ ਲਗ ਗਿਆ ਅਰ ਘਰ ਪਹੁੰਚਿਆ ਜਦ ਅੰਦਰ ਵੜਿਆ ਤਦ ਉਨਾਂ ਲੋਗਾਂ ਨੇ ਆਖਿਆ ਕਿ ਜੋ ਤੇਰੇ ਪਾਸ ਹੈ ਸੋ ਛੇਤੀ ਦਸ ਦੇ ਨਹੀਂ ਅਸੀ ਹੁਣ ਮਾਰ ਸਿਟਾਂਗੇ ਜਿਸਤੇ ਡਰਦਿਆਂ ਉਸਨੇ ਸੰਦੂਕ ਦਸ ਦਿਤਾ ਜਿਸਨੂੰ ਚਕਕੇ ਕੁਝ ਆਦਮੀ ਬਾਹਰ ਲੈਜਾਕੇ ਤੋੜਨ ਲੱਗੇ ਅਰ ਕੁਝ ਅੰਦਰ ਰਹੇ ਪਰ ਉਸ ਸ਼ਾਹੂਕਾਰ ਨੇ ਉਨਾਂ ਅੰਦਰਲਿਆਂ ਨੂੰ ਆਖਿਆ ਕਿ ਤੁਸੀ ਭੀ ਬਾਹਰ ਜਾਕੇ ਹਿੱਸਾ ਵੰਡੋ ਨਹੀ ਉਹ ਤੁਹਾਨੂੰ ਧੋਖਾ ਦੇਨਗੇ। ਇਸ ਲਾਲਚ ਵਿਚ ਆਕੇ ਉਹ ਅੰਦਰ ਲੇ ਭੀ ਬਾਹਰ ਗਏ। ਜਿਸ ਪਰ ਸਾਹੂਕਾਰ ਨੇ ਅੰਦਰੋ ਕੁੰਡਾ ਮਾਰ ਕੇ ਇਕ ਆਲਾ ਪੁਟਿਆ ਅਰ ਨਾਲ ਦੇ ਘਰ ਸਾਰਾ ਟਬਰ ਚ ਲਿਆ ਗਿਆ। ਪਰੰਤੂ ਉਸ ਘਰ ਵਿਚ ਭੀ ਇਕ ਧਰਮਾਤਮਾਂ ਮੁਸਲਮਨੀ ਮਾਈ ਰਹਦੀ ਸੀ। ਜਿਸਨੇ ਉਸ ਸਾਹੂਕਾਰ ਦੀ ਇਸਤ੍ਰੀ ਅਤੇ ਛੋਟੇ ੨ ਬਚਿਆਂ ਨੂੰ ਤਾਂ ਇਕ ਭੜੋਲੇ ਵਿਚ ਪਾਇ ਦਿਤਾ ਅਤੇ ਉਸ ਦੇ ਵਡੇ ਪੁਤ੍ਰ ਨੂੰ ਅਪਨੀ ਲੜਕੀ ਨਾਲ ਸੁਲਾ ਦਿਤਾ। ਇਸੀ ਪਰਕਾਰ ਸਾਹੂਕਾਰ ਨੂੰ ਅਪਨੇ ਨਾਲ ਪਾ ਲੀਤਾ ਏਧਰ ਜਦ ਇਹ ਸਾਰਾ ਮਾਲ ਵੰਡ ਕੇ ਆਏ ਅਰ ਦਰਵਾਜਾ ਬੰਦੇ ਦੇਖਿਆ ਤਦ ਉਸਨੂੰ ਤੋੜਕੇ ਰਹਦਾ ਖੁਹਦਾ ਹੋਰ ਭੀ ਮਾਲ ਲੁਟ ਲੀਤਾ ਅਰ ਉਨਾਂ ਘਰ ਵਾਲਿਆਂ ਦੇ ਮਾਰਨ ਦਾ ਬੰਦੋਬਸਤ ਕੀਤਾ। ਜਿਸ ਪਰ ਢੂੰਡ ਦਿਆਂ ੨ ਉਹ ਆਲਾ ਦੇਖ ਲੀਤਾ ਅਰ ਉਸ ਬਢੀ ਦੇ ਅੰਦਰ ਗਏ ਅਰ ਆਖਿਆ ਕਿ ਦਸ ਉਹ ਕਿਥੇ ਹਨ ਨਹੀ ਤੈਨੂੰ ਭੀ ਮਾਰ ਦ ਦੇਗੇ। ਪਰੰਤੂ ਉਸ ਧਰਮਾਤਮਾਂ ਮਾਈ ਨੇ ਸਾਫ ਜੁਵਾਬ ਦਿਤਾ ਕਿ ਇਹ ਮੇਰਾ ਮੁੰਡਾ ਹੈ ਅਰ ਇਹ ਮੇਰੀ ਬੇਟੀ ਪਈ ਹੈ। ਮੈਨੂੰ ਉਨਾ ਦੀ ਕੁਝ ਖਬਰ ਨਹੀਂ ਹੈ। ਜਿਸ ਪਰ ਦੇਰ ਹੋਨ ਦੇ ਕਾਰਨ ਉਹ ਚਲੇ ਗਏ। ਜਦ ਦਿਨ ਚੜਿਆ ਤਦ ਉਸ ਸਾਹੂਕਾਰ ਨੇ ਪੁਲਸ ਵਿਚ ਖਬਰ ਦਿਤੀ ਜਿਸ ਦੀ ਤਹਕੀਕਾਤ ਕੁਝ ਘਟ ਵਧ ਹੀ ਹੋਈ ਹੈ। ਲਾਚਾਰ ਹੋਕ ਹੁਣ ਉਸ ਨੇ ੬੫੦੦) ਸਾਢੇ ਛੇ ਹਜਾਰ ਦੀ ਅਰਜੀ ਪਾਈ ਹੈ ਸੋ ਦੇਖੀਏ ਕਜਾ ਫੈਸਲਾ ਹੁੰਦਾ ਹੈ।

ਖਾਲਸਾ ਅਖਬਾਰ ਉਸ ਧਰਮਾਤਮਾਂ ਮਾਈ ਦਾ ਧੰਨਵਾਦ ਕਰਦਾ ਹੈ ਅਤੇ ਸਰਕਾਰ ਅਗੇ ਬੇਨਤੀ ਕਰਦਾ ਹੈ ਜੋ ਅਪਨੀ ਪਰਜਾ ਨੂੰ ਅਜੇਹੇ ਜੁਲਮਾਂ ਤੇ ਬਚਾਏ ਅਰ ਪੁਲਸ ਜੋ ਕੇਵਲ ਇਸੇ ਜੁਲਮ ਦੇ ਰੋਕਨੇ ਵਾਸਤੇ ਰਖੀ ਗਈ ਹੈ ਉਸਨੂੰ ਖਬਰਦਾਰ ਕਰੇ ਅਰ ਅਜੇਹੇ ਧਾੜਵੀਆਂ ਨੂੰ ਪੂਰੀ ੨ ਸਜਾ ਦੇਵੇ ॥

——

ਪਤ੍ਰ ਅਰੋੜਵੰਸ ਸਭਾ ਫੀਰੋਜ਼ ਪੁਰ ਦਾ ਬਸੰਤ ਦਾ ਜੋੜ ਮੇਲ

ਇਸ ਸ਼ਹਰ ਫੀਰੋਜ਼ਪੁਰ ਵਿਚ ਇਸ ਸਭਾ ਨੇ ਬਸੰਤ ਪੰਚਮੀ ਦਾ ਜੋੜ ਮੇਲ ਵਡੀ ਧੂਮ ਧਾਮ ਨਾਲ ਕੀਤਾ—ਜਿਸ ਵਿਚ ਪਹਲੇ ਗੁਰਮੁਖੀ ਸਕੂਲ ਦੇ ਵਿਦਆਰਥੀਆਂ ਨੇ ਨਗਰ ਕੀਰਤਨ ਵਿਚ ਸ਼ਬਦਾਂ ਦੀ ਬਰਖਾ ਕੀਤੀ ਇਸੀ ਪਰਕਾਰ ਸਭਾ ਦੇ ਸਥਾਨ, ਪਰ ਪੁਲੇ- ਜਿਸ ਵਿਚ ਨਗਰ ਨਿਵਾਸੀ ਮਹਾਤਮਾ ਆਏ ਅਰ ਰਾਗੀਆਂ ਦੇ ਭਜਨ ਪਿਛੋ ਬਾਵੂ ਤੇਗ ਸਾ ਜੀ ਦੀ ਕਥਾ ਸਾਡੇ ਧਰਮ ਮਿਤ੍ਰ ਕੌਮੀ ਸੁਧਾਰ ਅਤੇ ਧਰਮ ਸਬੰਧੀ ਕਾਰਜਾਂ ਦੇ ਉਤਸਾਹੀ ਭਾਈ ਤਖਤਸਿੰਘ ਸਾਹਿਬ ਗੁਰਮੁਖੀ ਸਕੂਲ ਮਾਸਟਰ ਨੇ ਵਡੀ ਉਚੀ ਸੁਰ ਨਾਲ ਕੀਤੀ—ਜਿਸਨੂੰ ਸੁਨਕੇ ਪਥਰ ਚਿਤ ਭੀ ਮੋਮ ਹੋ ਗਏ ਅਰ ਅੰਤ ਭੀ ਸਾਫ ੨ ਕੀਤੇ ਜੋ ਸਭ ਭਾਈ ਸਮਝ ਗਏ—ਇਹ ਪਹਲਾ ਹੀ ਸਮਸਥੰਨਕ ਵਾਦ ਦੇ ਜੋਗ ਹੈ ਜੋ ਇਸ ਸਭਾ

Digitized by Panjab Digital Library | www.panjabdigilib.org

ਵਿਚ ਗੁਰ ਬਾਨੀ ਦਾ ਉਪਦੇਸ ਕੀਤਾ ਗਿਆ-ਕੋਥਾ ਦੇ ਮਗਰੋਂ ਬਾਬੂ ਭਾਗ ਰਾਇ ਜੀ ਦਾ ਵਖਯਾਨ ਹੋਇਆ-ਜੋ ਕੌਮੀ ਸੁਧਾਰ ਦਾ ਭਰਿਆ ਹੋਇਆ ਸੀ-ਫੇਰ ਬਾਬੂ ਜਗਨਨਾਥ ਸਾਹਿਬ ਉਪਮੰਤ੍ਰੀ ਨੇ ਭਾਈ ਤਾਰੂਸਿੰਘ ਤੇ ਭਾਈ ਮਨ ਸਿੰਘ ਅਤੇ ਦਸਮ ਗੁਰੂ ਜੀਦੇ ਸਾਹਿਬਜ਼ਾਦਿਆਂ ਦੇ ਜੀਵਨ ਚਰਤ ਅਰ ਹਰਇਕ ਮੌਕੇ ਦੀ ਤਸਵੀਰਾਂ ਦਖਾਕੇ ਪਥਰ ਚਿਤਾਂ ਨੂੰ ਭੀ ਨਰਮ ਕੀਤਾ ॥

ਏਹੋ ਜਿਹਾ ਜੀਵਨ ਚਰਿਤ੍ਰ ਮਹਾਤਮਾ ਦਾ ਕਦੀ ਪਹਿਲੇ ਸੁਣਯਾ ਨਹੀਂ ਸੀ ਏਹ ਸੁਣਕੇ ਗੁਰ ਬਾਣੀ ਅਰ ਗੁਰੂ ਗ੍ਰੰਥ ਸਾਹਿਬ ਪਰ ਬਹੁਤਿਆਂ ਨੇ ਪ੍ਰੇਮ ਜਤਲਾਯਾ ਲੈਕਚਰ ਦੇ ਪਿਛੋਂ ਸਵਾ ਮਣ ਕੜਾਹ ਪਰਸਾਦ ਜੋ ਕਰਾਯਾ ਹੋਯਾ ਸੀ ਅਰਦਾਸਾ ਸੋਧਕੇ ਵਰਤਾਯਾ ਗਯਾ ਇਸ ਸਭਾ ਦੇ ਕਦਰਦਾਨ ਸਰਦਾਰ ਤਾਰਾ ਸਿੰਘ ਸਾਹਿਬ ਨਾਇਬ ਤਸੀਲਦਾਰ ਹਨ ਸਭਾ ਨੂੰ ਬਹੁਤ ਰੌਣਕ ਦੇ ਰਹੇ ਹਨ ਇਸ ਜੋੜ ਮੇਲ ਵਿੱਚ ਅਰੋੜਬੰਸ ਪਰਵਾਰ ਤੋਂ ਬਿਨਾ ਹੋਰ ਬਹੁਤ ਸਾਰੇ ਪ੍ਰੇਮੀ ਭਾਈਆਂ ਤੋਂ ਬਿਨਾ ਸ਼ਹਰ ਦੇ ਰਈਸ ਭੀ ਆਏਸੀ ਇਸ ਪਰਵਾਰ ਨੂੰ ਗੁਰਮੁਖੀ ਭਾਸ਼ਾ ਬਧਾਨੂ ਵਾਸਤੇ ਉਤਸਾਹ ਪੈਦਾ ਹੋ ਗਯਾ ਹੈ ਬਲਕਿ ਲਾਲਾ ਦੇਵੀ ਦਿਤਾ ਮੱਲ ਸਾਹੂਕਾਰ ਅਰ ਮੈਂਬਰ ਕਮੇਟੀ ਔਰ ਉਪਭਰਦਾਨ ਸਭਾ ਨੇ ਅਪਨੇ ਪੁਤ੍ਰ ਨੂੰ ਸਿਖਣ ਵਾਸਤੇ ਭਾਈ ਜੀਦਾ ਉਸੀ ਸਮਯ ਸਿਸ਼ਯ ਬਣਾਯਾ ਅਰ ਲੋਕਾਂ ਨੂੰ ਉਤਸਾਹ ਦਿਲਾਯਾ ਪਿਛੋਂ ਬੜੀ ਖੁਸ਼ੀ ਨਾਲ ਜਲਸਾ ਸਮਾਪਤ ਹੋਯਾ ॥

ਕੌਮ ਦਾ ਸੇਵਕ ਅਰ ਆਪ ਦਾ ਦਾਸ

ਜਗਨਨਾਥ ਕਮਾਰ ਉਪਮੰਤ੍ਰੀ

ਅਰੋੜਬੰਸ ਸਭਾ ਸ਼ਹਰ ਫ਼ੀਰੋਜ਼ਪੁਰ

ਗੁਰਮੁਖੀ ਪੁਸਤਕਾਲਯ

ਛਾਪਖਾਨਾ ਅਰੋੜਵੰਸ਼ ਲਾਹੌਰ ਗੁਰੂ ਗ੍ਰੰਥ ਸਾਹਿਬ ਦਸਮ ਪਾਦਸ਼ਾਹੀ ਮੋਟੇ ਅਖਰਾਂ ਵਿਚ ਵਲਾਇਤੀ ਕਪੜੇ ਦੀ ਜਿਲਦ ਵਾਲੀ ਮੋਖ ੧੦)

ਭਾਈ ਮਨੀ ਸਿੰਘ ਜੀ ਜਨਮਸਾਖੀ ਵਾਲੀ ਲੀ ਜਿਲਦ ਵਲਾਇਤੀ ਕਪੜੇ ਦੀ ਮੋਖ ੩)

ਵਾਰਾਂ ਭਾਈ ਗੁਰੂ ਦਾਸ ਜੀ ਦੀਆਂ ਮੋਖ ॥।=)

ਕਬਿਤ ਤੇ ਸਵੈਯੇ ਭਾਈ ਗੁਰੂ ਦਾਸ ਜੀ ਦੇ ਮੋਖ ।=)

ਹਨੂਮਾਨ ਨਾਟਕ ਕੋਸ਼ ਸਮੇਤ ਜਿਲਦ ਵਲਾਇਤੀ ਕਪੜੇ ਮੋਖ ੧)

ਹਨੂਮਾਨ ਨਾਟਕ ਸਟੀਕ ਜਿਲਦ ਵਲਾਇਤੀ ਕਪੜਾ ੩॥)

ਹਨੂਮਾਨ ਨਾਟਕ ਮੋਖ ॥)

ਪੰਜ ਗ੍ਰੰਥੀ ਮੋਟਾ ਟਾਇਪ ਜਿਲਦ ਵਲਾਇਤੀ ਕਪੜੇ ਦੀ ਮੋਖ ੧)

ਪੰਜ ਗ੍ਰੰਥੀ ਗੁਟਕਾ ।=)

ਏਹ ਸਭ ਪੁਸਤਕਾਂ ਟਾਇਪ ਵਿਚ ਮੋਟੇ ਕਾਗਜ਼ ਤੇ ਹਨ।

ਮਹਸੂਲ ਡਾਕ ਦਾ ਖ਼ਰੀਦਾਰ ਦੇ ਜੁਮੇ। ਬੋਪਾਰੀਆਂ ਦਾ ਵਖਰਾ ਭਾਉ

ਸਾਲਗ ਰਾਮ

ਮੈਨੇਜਰ-ਅਰੋੜਵੰਸ ਪ੍ਰੇਸ ਲਾਹੌਰ

ਗੁਰੂ ਗੋਵਿੰਦ ਸਿੰਘ ਪੁਸਤਕਾਲਯ

ਅੰਗ੍ਰੇਜ਼ੀ ਸੰਸਕ੍ਰਿਤ ਬੁਕਡਿਪੋ

ਇਸ ਪੁਸਤਕਾਲਯ ਵਿਚ ਹਰ ਪ੍ਰਕਾਰ ਦੇ ਪੁਸਤਕ ਸਿਖ ਮਤ ਦੇ ਤੇ ਹਿੰਦੂ ਧਰਮ ਸ਼ਾਸਤ੍ਰ ਬੰਬਈ, ਕਲਕੱਤਾ, ਬਨਾਰਸ ਲਖਨਊ ਦੇ ਸੰਸਕ੍ਰਿਤ ਹਿੰਦੀ, ਭਾਖਾ ਦੇ ਵੈਦਕ ਜੋਤਸ਼ ਰਮਲ ਹਸਾਬ ਤੇ ਅੰਗ੍ਰੇਜ਼ੀ ਫਾਰਸੀ ਹਿੰਦੀ ਗੁਰਮੁਖੀ ਦੇ ਪੜ੍ਹਾਈ ਦੇ ਤੇ ਨਾਵਲ ਹਰ ਕਿਸਮ ਹਰ ਜ਼ੁਬਾਨ ਵਿਚ ਸਸਤੇ ਮੁਲ ਤੋਂ ਮਿਲ ਸਕਦੇ ਹਨ ਬੁਪਾਰੀਆਂ, ਸਕੂਲ ਮਾਸਟਰਾਂ, ਤੇ ਸਭਾ, ਸਮਾਜਾਂ ਲਈ ਖਾਸ ਰਿਆਇਤ ਰਖੀ ਗਈ ਹੈ ਇਕ ਵਾਰ ਮੰਗਾ ਅਜਮਾ ਵੇਖੋ ਗੁਰਬਿਲਾਸ ੬ ਪਾਤਸ਼ਾਹੀ ਦਾ ਟੈਪ ਦੇ ਮੋਟੇ ਅਖਰਾਂ ਵਿਚ ਬਹੁਤ ਸੁਧ ਕਰਾ ਛਾਪਕੇ ਸਿਖਾਂ ਸਰਦਾਰਾਂ ਦੇ ਪਾਠ ਕਰਨ ਲਈ ਤਿਆਰ ਹੈ ਮੋਖ ੩॥) ਮਸੂਲ ਡਾਕ ।) ਵੀ, ਪੀ, ਦ੍ਵਾਰਾ ਪੁਸਤਕ ਭੇਜੇ ਜਾਸਕਦੇ ਹਨ ॥

ਰਾਮਦਾਸ ਮੈਨੇਜਰ

ਸ਼ਾਹਾਲਮੀ ਦਰਵਾਜ਼ਾ ਲਾਹੌਰ

ਵਿਗਯਾਪਨ

ਇਸ ਦੁਕਾਨ ਪਰ ਹਰ ਪ੍ਰਕਾਰ ਦੇ ਗੁਰਮੁਖੀ ਅੰਗਰੇਜ਼ੀ ਉਰਦੂ ਤੇ ਨਾਗਰੀ ਤੇ ਟਾਇਪ ਗੁਰਮੁਖੀ ਦੇ ਪੁਸਤਕ ਮੌਜੂਦ ਹਨ। ਜੋ ਕੋਈ ਖਾਲਸਾ ਭਾਸੀ ਮੰਗਾਵਨ ਗੇ ਬਹੁਤ ਸਸਤੇ ਭੇਜੇ ਜਾਨ ਗੇ ਅਤੇ ਜੋ ਕੋਈ ਸਿੰਘ ਸਭਾ ਦੇ ਵਾਸਤੇ ਮੇਰੀ ਦੁਕਾਨ ਤੋ ਮਾਲ ਮੰਗਾਵੇਗਾ ਉਸ ਨੂੰ ਸਾਂਵੇਂ ਮੁਲ ਤੇ ਮਾਲ ਪੁਸਤਕ ਭੇਜਿਆ ਜਾਵੇਗਾ। ਰੁਪਯੇ ਵਾਸਤੇ ਕੇਵਲ ਦੋ ਪੈਸੇ ਖਰਚ ਵਾਸਤੇ ਲਾਏ ਜਾਵਨ ਗੇ ਅਤੇ ਤਾਰੀਖ ਗੁਰ ਖਾਲਸਾ ਜੋ ਹਰ ਇਕ ਸਿੰਘ ਭਾਈ ਨੂੰ ਪੜ੍ਹਨੀ ਵਾਜਬ ਹੈ ਉਰਦੂ ਤੇ ਗੁਰਮੁਖੀ ਮੌਜੂਦ ਹੈ ਮੰਗਾਕਰ ਲਾਭ ਉਠਾਵਨ।

ਦਿਯਾਸਿੰਘ ਕੁਤਬ ਫਰੋਸ਼

ਲੁਹਾਰੀ ਦਰਵਾਜ਼ਾ ਲਾਹੌਰ

ਵਿਗਯਾਪਨ ਸੁਰਮੇ ਦਾ

ਇਹ ਸੁਰਮਾ ਇਸ ਕਦਰ ਸਮਰਥਾ ਦੇਣੇ ਵਾਲਾ ਨਜ਼ਰ ਨੂੰ ਹੈ ਜੋ ਇਸ ਦੇ ਪਾਉਨ ਤੇ ਬੁਢਾ ਹੋਕੇ ਐਨਕ ਲਾਉਨ ਦੀ ਲੋੜ ਨਹੀਂ ਪੈਂਦੀ-ਅਤੇ ਜੋ ਸਾਹਿਬ ਐਨਕ ਲਗਾਉਂਦੇ ਹੋਨ ਸੋ ਭੀ ਹੌਲੀ੨ ਐਨਕ ਤ੍ਯਾਗ ਦੇ ਪਾਉਨੇ ਕਰਕੇ ਕਰਦੇ ਦੇਨਗੇ-ਬਹੁਤ ਕੰਮ ਲਿਖਣੇ ਪੜਨੇ ਯਾ ਚੁਲ੍ਹੇ ਦੇ ਸਾਮਨੇ ਬੈਠਕੇ ਕਰਨੇ ਪਰ ਭੀ ਨਜ਼ਰ ਨੂੰ ਕੋਈ ਨੁਕਸਾਨ ਨਹੀਂ ਹੋਂਦਾ ਕਾਲਾ ਰੰਗ ਨਜ਼ਰ ਦਾ ਵਧਾਉਂਦਾ ਜੈਸੇ ਆਦਮੀ ਅਤੇ ਬਚਿਆਂ ਦੀ ਅਖਾਂ ਬਹੁਤ ਸੁੰਦਰ ਮ੍ਰਿਗ ਦੀ ਅਖਾਂ ਵਰਗੀ ਕਰ ਦੇਂਦਾ ਹੈ-ਅਤੇ ਨਾ ਅਖਾਂ ਨੂੰ ਦੁਖ ਹੋਨ ਦੇਂਦਾ ਹੈ-ਕਿਸੇ ਸਮਯ ਪਰ ਜੋ ਆਪ ਦੁਖਦੀਆਂ ਪਰ ਬੀ ਏਹ ਪਾਯਾ ਜਾਵੇ ਤਾਂ ਦਰਦ ਲਾਲੀ ਅਖੀਆਂ ਦੀ ਦੂਰ ਕਰਦਾ ਹੈ-ਹੇਠ ਲਿਖੀਆਂ ਹੋਇਆਂ ਬੀਮਾਰੀਆਂ ਨੂੰ ਸ਼ਰਤ ਨਾਲ ਦੂਰ ਕਰਦਾ ਹੈ-ਕੁਕ੍ਰੇ ਮੋਤਿਆ ਬਿੰਦ ਕਮਜ਼ੋਰੀ ਨਿਗਾ ਧੁੰਦ ਤੇ ਗੁਬਾਰੀ-ਜਿਰੀਆ-ਅਖੀਆਂ ਦੀ ਰਿੜ-ਪੜਵਾਲ-ਰਾਤ ਅੰਧਾ ਅਤੇ ਖਾਰਸ਼ ਆਦਿਕ-ਕੀਮਤ ਚਿਟੇ ਅਤੇ ਕਾਲੇ ਦੀ ।।) ਸਵਾ ਅਠ ਆਨੇ ਇਕ ਤੋਲੇ ਤੇ ਹਨ ॥

ਅਤੇ ਸਾਡੇ ਪਾਸ ਖੁਰਕ ਦੀ ਵੀ ਦਵਾ ਮਿਲ ਸਕਦੀ ਹੈ॥

ਲੇਖਕ ਠਾਕੁਰਸਿੰਘ ਕੂਚਾ ਸਰੀਨ

ਨਜ਼ੀਕ ਬੈਠਕ ਦੀਵਾਨ ਬੂਟਾਮਲ

ਮੁਸਬਿਰ ਕਮੇਟੀ ਸ਼ਹਰ ਲਾਹੌਰ

ਅਰੋੜਵੰਸ ਪ੍ਰੇਸ ਲਾਹੌਰ ਮੇਂ ਚਿੱਤਸਿੰਘ ਰਜਾਨੀ ਦੇ ਵਾਸਤੇ ਤਾਰਾ ਚੰਦ ਪਰਿੰਟਰ ਨੇ ਛਾਪਯਾ ॥

Digitized by Panjab Digital Library | www.panjabdigilib.org